ਮਸੀਹੀ ਲੋਕਾਂ ਨੂੰ ਨਾ ਕੇਵਲ ਬੁਰਿਆਈ ਦੇ ਬਦਲੇ ਵਧੇਰੇ ਬੁਰਿਆਈ ਨਾਲ ਜਵਾਬ ਦੇਣ ਤੋਂ ਮਨ੍ਹਾ ਕੀਤਾ ਗਿਆ ਹੈ, ਉਨ੍ਹਾਂ ਬੁਰਿਆਈ ਦੇ ਬਦਲੇ ਭਲਿਆਈ ਕਰਨੀ ਹੈ। ਜਦੋਂ ਕੋਈ ਕਿਸੇ ਨੂੰ ਸਰਾਪ ਦਿੰਦਾ ਜਾਂ ਗਾਲ ਕੱਢਦਾ ਹੈ ਤਾਂ ਉਹ ਵਿਅਕਤੀ ਜਿਸ ਦੇ ਅੰਦਰ ਮਸੀਹ ਦਾ ਆਤਮਾ ਵੱਸਦਾ ਹੈ ਉਸ ਨੇ **ਸਰਾਪ ਦੇ ਬਦਲੇ ਅਸੀਸ** ਦੇਣੀ ਹੈ। ਯਿਸੂ ਨੇ ਇਹੋ ਗੱਲ ਕਹੀ ਸੀ, "ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਭੁਆ ਦਿਹ" (ਮੱਤੀ 5:39)। ਅਪਰਾਧੀ ਨੂੰ ਅਸੀਸ ਦੇਣਾ ਦਾ ਅਰਥ ਕਿਰਪਾਲੂ ਉਦਾਸੀਨਤਾ ਨਾਲ ਜਵਾਬ ਦੇਣ ਤੋਂ ਕਿਤੇ ਵੱਧ ਕੇ ਹੈ। ਇਸ ਦਾ ਅਰਥ ਹੈ ਉਸ ਵਿਅਕਤੀ ਦੀ ਸੁਖ-ਸਲਾਮਤੀ ਚਾਹੁੰਣਾ ਅਤੇ ਬੜਾਵਾ ਦੇਣਾ। ਇਸ ਦਾ ਅਰਥ ਹੈ ਉਸ ਦੇ ਲਈ ਲੰਬੇ ਜੀਵਨ, ਚੰਗੀ ਸਿਹਤ ਅਤੇ ਖੁਸ਼ਹਾਲੀ – ਸਭ ਚੀਜ਼ਾਂ ਜੋ ਸਾਡੇ ਜੀਵਨ ਨੂੰ ਸੁਖਾਵਾਂ ਬਣਾਉਂਦੀ ਹਨ – ਦੀ ਕਾਮਨਾ ਕਰਨਾ ਹੈ। ਨਕਾਰਾਤਮਕ ਤੌਰ ਤੇ ਦੱਸਦੇ ਹੋਏ, ਪਤਰਸ ਦਾ ਅਰਥ ਇਹ ਸੀ ਕਿ ਆਪਣੇ ਅੰਦਰ ਕੜਵਾਹਟ ਨੂੰ ਪਾਲਣਾ ਉਸ ਖੂਹ ਵਿਚ ਜ਼ਹਿਰ ਘੋਲਣ ਦੇ ਵਾਂਗ ਜੋ ਮਸੀਹ ਵਰਗਾ ਜੀਵਨ ਜੀਉਣ ਨੂੰ ਰਜਾਉਂਦਾ ਹੈ। ਪੌਲੁਸ ਨੇ ਲਿਖਿਆ, "ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ" (ਰੋਮੀਆਂ 12:21)।

ਬੇਇੱਜ਼ਤ ਹੋਣ ਦੇ ਬਦਲੇ "ਅਸੀਸ" ਦੇਣਾ, ਬੁਰਿਆਈ ਦੇ ਬਦਲੇ ਭਲਿਆਈ ਕਰਨਾ, ਮਸੀਹੀ ਚਲਨ ਦੀ ਬਾਹਰੀ ਹੱਦ ਤੇ ਖੜ੍ਹਾ ਨਹੀਂ ਹੁੰਦਾ। ਇਹ ਕੇਂਦਰ ਵਿਚ ਹੈ। ਰਸੂਲ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ, **ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ।** "ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ" ਵੱਲ ਨਜ਼ਰ ਟਿਕਾਉਂਦੇ ਹੋਏ (1:7), ਪਤਰਸ ਨੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਅਧਕਾਰ ਬਾਰੇ ਚੇਤੇ ਕਰਾਇਆ (1:4) ਉਨ੍ਹਾਂ ਦਾ ਬੁਰਿਆਈ ਦੇ ਬਦਲੇ ਭਲਿਆਈ ਕਰਨ ਦਾ ਹਿੱਸਾ ਸੀ। ਉਨ੍ਹਾਂ ਦੇ ਅਧਕਾਰ ਦਾ ਮਹੱਤਵਪੂਰਣ ਹਿੱਸਾ ਉਹ ਜੀਵਨ ਸੀ ਜੋ ਉਨ੍ਹਾਂ ਨੇ ਗ੍ਰਹਿਣ ਕੀਤਾ ਸੀ ਜਦੋਂ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਭੂ ਦੇ ਕਦਮਾਂ ਤੇ ਚੱਲਣ ਦੇ ਲਈ ਸਮਰਪਿਤ ਕੀਤਾ ਸੀ। ਜਦੋਂ ਮਸੀਹ ਲੋਕ ਅਸੀਸ ਦਿੰਦੇ ਹਨ ਉਨ੍ਹਾਂ ਨੂੰ ਅਸੀਸ ਮਿਲਦੀ ਹੈ। ਮਸੀਹ ਦੇ ਵਾਂਗ ਜੀਵਨ ਜੀਉਣ ਦਾ ਢੰਗ ਸਦੀਪਕ ਅਸੀਸਾਂ ਦੇ ਲਈ ਭੂਮਿਕਾ ਨਹੀਂ ਹੈ; ਇਹ ਸਦੀਪਕ ਅਸੀਸ ਦੇ ਲਈ ਅਦਾ ਕੀਤੀ ਜਾਣ ਵਾਲੀ ਕੀਮਤ ਹੈ। ਮਸੀਹੀ ਜੀਵਨ ਆਪਣੇ ਆਪ ਵਿਚ ਇਕ ਅਸੀਸ ਹੈ।

**ਆਇਤ 10.** ਉਸ ਸੱਚਾਈ ਦਾ ਸਮਰਥਨ ਕਰਨ ਲਈ ਜੋ ਉਸ ਨੇ ਦੱਸੀ ਸੀ ਅਤੇ ਉਸ ਸੱਚਾਈ ਨੂੰ ਇਕ ਹੋਰ ਪੱਧਰ ਤੇ ਲੈ ਕੇ ਜਾਣ ਲਈ, ਰਸੂਲ ਨੇ ਜ਼ਬੂਰ 34:12–16 ਦਾ ਹਵਾਲਾ ਦਿੱਤਾ। ਮੁੱਖ ਬੰਦ ਵਿਚ ਹਵਾਲਾ LXX ਵਿੱਚੋਂ ਹੈ, ਪੁਰਾਣੇ ਨੇਮ ਵਿਚ ਇਬਰਾਨੀ ਦਾ ਯੂਨਾਨੀ ਅਨੁਵਾਦ ਜੋ ਕਿ ਯੂਨਾਨੀ ਬੋਲਣ ਵਾਲੇ ਸੰਸਾਰ ਵਿਚ ਚੱਲਦਾ ਸੀ ਜਿਸ ਦੀ ਪਤਰਸ ਨੇ ਗੱਲ ਕੀਤੀ। ਪੂਰਾ 34 ਜ਼ਬੂਰ ਸਤਾਏ ਗਏ ਲੋਕਾਂ ਨੂੰ ਮੁੜ ਭਰੋਸਾ ਦਿੰਦਾ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਛੁਡਾਉਂਦਾ ਹੈ, ਇਕ ਸੰਦੇਸ਼ ਜੋ ਪਤਰਸ ਆਪਣੇ ਸਤਾਏ ਗਏ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦਾ ਸੀ। ਉਹ ਜ਼ਬੂਰ 34:8 ਦੇ ਸ਼ਬਦਾਂ ਤੇ ਪਹਿਲਾਂ ਹੀ ਨੇੜੇ ਆ ਚੁੱਕਾ ਸੀ:

"ਜੇਕਰ ਤਾਂ ਤੁਸਾਂ ਸੁਆਦ ਚੱਖ ਕੇ ਵੇਖਿਆ ਭਈ ਪ੍ਰਭੂ ਕਿਰਪਾਲੂ ਹੈ" (2:3)। ਜ਼ਬੂਰ ਵਿਚ **ਜੀਵਨ ਨਾਲ ਪ੍ਰੇਮ ਰੱਖਣਾ ਅਤੇ ਭਲੇ ਦਿਨ ਵੇਖਣਾ** ਉਸ ਜੀਵਨ ਦਾ ਹਵਾਲਾ ਦਿੰਦਾ ਹੈ ਜੋ ਵਰਤਮਾਨ ਯੁੱਗ ਵਿਚ ਜੀਇਆ ਗਿਆ ਹੈ। ਪਤਰਸ ਦਾ ਵੀ ਮੰਨਣਾ ਸੀ ਕਿ ਜੇਕਰ ਕਿਸੇ ਵਿਅਕਤੀ ਨੇ ਇਸ ਯੁੱਗ ਵਿਚ ਇਕ ਚੰਗਾ ਜੀਵਨ ਪਾਉਣਾ ਸੀ ਤਾਂ **ਉਹ ਆਪਣੀ ਜੀਭ ਨੂੰ ਬੁਰਿਆਈ ਤੋਂ ਅਤੇ ਆਪਣੇ ਬੁੱਲ੍ਹਾਂ ਨੂੰ ਮਕਰ ਬੋਲਣ ਤੋਂ ਰੋਕ ਰੱਖੇ**; ਪਰ ਪਤਰਸ ਦੇ ਮਨ ਵਿਚ ਹੋਰ ਵੀ ਬਹੁਤ ਕੁਝ ਸੀ। ਮਸੀਹੀ ਵਿਅਕਤੀ ਹਮੇਸ਼ਾ ਆਪਣੀਆਂ ਅੱਖਾਂ ਉਸ ਸਮੇਂ ਵੱਲ ਲਾ ਕੇ ਰੱਖਦਾ ਹੈ ਜਦੋਂ ਉਸ ਨੂੰ ਨਿਹਚਾ ਨਜ਼ਰ ਆਵੇਗੀ। ਜਿਵੇਂ ਕਿ 1:6–9 ਅਤੇ 4:12–14 ਵਿਚ, ਵਿਸ਼ਵਾਸੀ "ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ" ਦੀ ਉਡੀਕ ਕਰਦੇ ਹਨ, ਪਰ ਇਸ ਸਮੇਂ ਦੌਰਾਨ ਉਨ੍ਹਾਂ ਦਾ ਅਨੰਦ ਵਰਣਨ ਤੋਂ ਬਾਹਰ ਹੈ। ਜੀਵਨ ਅਤੇ ਭਲੇ ਦਿਨ ਹੁਣ ਹਨ, ਪਰ ਉਨ੍ਹਾਂ ਦੀ ਉਡੀਕ ਵੀ ਹੋ ਰਹੀ ਹੈ।

ਪਤਰਸ ਅਤੇ ਯਾਕੂਬ ਵਿਅਕਤੀ ਦੇ ਜੀਵਨ ਦੀ ਭਗਤੀ ਦੇ ਇਕ ਬੈਰੋਮੀਟਰ (ਜੰਤਰ ਜਿਸ ਨਾਲ ਹਵਾ ਦੇ ਦਬਾਅ ਨੂੰ ਮਿਣਿਆ ਜਾਂਦਾ ਹੈ) ਦੇ ਤੌਰ ਤੇ ਜੀਭ ਦੇ ਸੰਬੰਧ ਵਿਚ ਇਕ ਮਨ ਸਨ। ਯਾਕੂਬ ਨੇ ਕਿਹਾ, "ਜੇ ਕੋਈ ਬਚਨ ਵਿੱਚ ਨਾ ਭੁੱਲੇ ਤਾਂ ਉਹ ਸਿੱਧ ਪੁਰਸ਼ ਹੈ ਅਤੇ ਸਾਰੀ ਦੇਹੀ ਨੂੰ ਭੀ ਲਗਾਮ ਦੇ ਸੱਕਦਾ ਹੈ" (ਯਾਕੂਬ 3:2)। ਜ਼ਬੂਰ ਜਿਸ ਦਾ ਪਤਰਸ ਨੇ ਹਵਾਲਾ ਦਿੱਤਾ ਇਹ ਪੁਸ਼ਟੀ ਕਰਦਾ ਹੈ ਕਿ ਜਦੋਂ ਜੀਭ ਤੇ ਲਗਾਮ ਲੱਗਣੋਂ ਹੱਟ ਜਾਂਦੀ ਹੈ ਤਾਂ ਉਸ ਵਿਚ ਜੀਵਨ, ਭਲੇ ਦਿਨ ਦਿਨ ਨਹੀਂ ਹੋ ਸਕਦੇ। ਜਦੋਂ ਮਸੀਹੀ ਲੋਕ ਬਦਨਾਮੀ ਅਤੇ ਵੈਰ ਝੱਲਦੇ ਹਨ, ਤਾਂ ਭਗਤੀ ਵਾਲਾ ਜੀਵਨ ਜੀਉਣ ਲਈ ਜੀਭ ਨੂੰ ਵੱਸ ਵਿਚ ਕਰਨਾ ਹੋਰ ਵੀ ਜ਼ਿਆਦਾ ਮਹੱਤਵਪੂਰਣ ਹੋ ਜਾਂਦਾ ਹੈ। ਜੇਕਰ ਉਹ ਗਾਲਾਂ ਕੱਢਣ ਲੱਗਦੇ ਅਤੇ ਛਲ ਕਰਨ ਲੱਗਦੇ ਹਨ ਤਾਂ ਉਹ ਆਪਣੇ ਆਪ ਤੇ ਪਰਮੇਸ਼ੁਰ ਦੀ ਅਪ੍ਰਵਾਨਗੀ ਨੂੰ ਲੈ ਕੇ ਆਉਂਦੇ, ਪਰ ਸੰਭਵ ਤੌਰ ਤੇ ਉਹ ਆਪਣੇ ਮੂਰਤੀਪੂਜਕ ਗੁਆਂਢੀਆਂ ਵੱਲੋਂ ਵਾਧੂ ਨਰਾਜ਼ਗੀ ਨੂੰ ਝੱਲਣਗੇ।

**ਆਇਤ 11.** ਉਸ ਜੀਵਨ ਨੂੰ ਜੀਉਣ ਦੇ ਲਈ ਜਿਸ ਦੇ ਲਈ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਸੱਦਿਆ ਹੈ ਜਿੰਨਾ ਜੀਭ ਨੂੰ ਆਪਣੇ ਵੱਸ ਵਿਚ ਕਰਨਾ ਅਤੇ ਜੀਭ ਦਾ ਇਸਤੇਮਾਲ ਕਰਨਾ ਮਹੱਤਵਪੂਰਣ ਹੈ, ਓਨੇ ਹੀ ਕਈ ਹੋਰ ਪਹਿਲੂ ਵੀ ਮਹੱਤਵਪੂਰਣ ਹਨ। ਜ਼ਬੂਰ ਅੱਗੇ ਇਹ ਕਹਿੰਦਾ ਹੈ ਕਿ ਪਰਮੇਸ਼ੁਰ ਦਾ ਬੰਦਾ ਜਾਂ ਬੰਦੀ **ਬਦੀ ਤੋਂ ਹਟ ਜਾਵੇ ਅਤੇ ਨੇਕੀ ਕਰੇ**। ਇਹ ਵੀ ਉਸ ਵਿਅਕਤੀ ਲਈ ਉਸ ਵਿਧੀ ਦਾ ਹਿੱਸਾ ਹੈ ਜੋ ਕਹੇਗਾ "ਭਲੇ ਦਿਨ ਵੇਖੋ।" ਯਿਸੂ ਨੇ ਇਕ ਵਿਰੋਧਾਭਾਸ ਪੇਸ਼ ਕੀਤਾ ਜਦੋਂ ਉਸ ਨੇ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ਹੈ। ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੇਗਾ" (ਯੂਹੰਨਾ 12:24, 25)। ਸੁਆਰਥੀ ਮਨੁੱਖ, ਉਹ ਜਿਹੜਾ "ਆਪਣੀ ਜਾਨ ਨੂੰ ਹਿਤ ਕਰਦਾ," ਉਹ ਮਨੁੱਖ ਹੈ ਜਿਹੜਾ ਇਸ ਨੂੰ ਗੁਆਉਂਦਾ ਹੈ। ਨਕਾਰਾਮਤਕ ਤੌਰ ਤੇ, ਵਿਅਕਤੀ ਨੂੰ "ਬੁਰਿਆਈ ਤੋਂ ਮੁੜਨਾ ਚਾਹੀਦਾ ਹੈ" ਜੇਕਰ ਉਸ ਨੇ ਜੀਵਨ ਪਾਉਣਾ ਹੈ। ਸਕਾਰਾਤਮਕ ਤੌਰ ਤੇ, ਉਸ ਨੂੰ "ਭਲਾ ਕਰਨਾ" ਚਾਹੀਦਾ ਹੈ।

ਨਤੀਜਾ ਜੀਵਨ ਹੁੰਦਾ ਹੈ ਜਦੋਂ ਕੋਈ ਮਿਲਾਪ ਦਾ ਪਿੱਛਾ ਕਰਦਾ ਹੈ। ਜ਼ਬੂਰ ਲਿਖਣ ਵਾਲੇ ਦੇ ਲਈ ਅਤੇ ਪਤਰਸ ਦੇ ਲਈ, ਮਿਲਾਪ ਇਕ ਉਦਾਸੀਨ ਗੁਣ ਨਹੀਂ ਸੀ ਜੋ ਅਭੋਲ ਮਸੀਹੀ ਵਿਅਕਤੀ ਨੂੰ ਬਖ਼ਸ਼ਿਆ ਗਿਆ ਸੀ। **ਉਹ ਮਿਲਾਪ ਨੂੰ ਲੱਭੇ ਅਤੇ ਉਹ ਦਾ ਪਿੱਛਾ ਕਰੇ** ਸ਼ਬਦਾਂ

ਵਿਚ ਇਕ ਕਿਰਿਆਸ਼ੀਲ, ਸਗੋਂ ਆਕਰਮਣਸ਼ੀਲ ਜ਼ੋਰ ਹੈ। LXX ਵਿਚ, ਯੂਨਾਨੀ εἰρήνη (*ਈਰੀਨ*) ਇਬਰਾਨੀ שָׁלוֹם (*ਸ਼ਾਲੋਮ*) ਦਾ ਅਨੁਵਾਦ ਕਰਦਾ ਹੈ। ਇਬਰਾਨੀ ਭਾਸ਼ਾ ਤੋਂ ਪ੍ਰਭਾਵਿਤ ਹੋ ਕੇ, ਜ਼ਬੂਰ 34:14 (MT ਵਿਚ 34:15, LXX ਵਿਚ 33:14) ਆਪਣੀ ਦੁਨੀਆ ਨਾਲ ਤੰਦਰੁਸਤੀ, ਸਿਹਤ, ਮੁਕਤੀ ਅਤੇ ਇਕਸਾਰਤਾ ਵਾਲੇ ਸੰਬੰਧ ਦਾ ਭਾਵ ਵੀ ਦਿੰਦਾ ਹੈ। ਨਵੇਂ ਨੇਮ ਦੇ ਲੇਖਕ (ਲੂਕਾ ਨੂੰ ਛੱਡ ਕੇ) ਯਹੂਦੀ ਸਨ। ਉਨ੍ਹਾਂ ਲਈ "ਮਿਲਾਪ," ਇਬਰਾਨੀ ਵਰਤੋਂ ਦਾ ਪਾਲਣ ਕਰਦਿਆਂ, ਸਲਾਮ ਲਈ ਅਤੇ ਵਿਛੜਨ ਲਈ ਵਰਤਿਆ ਜਾਣ ਵਾਲਾ ਸ਼ਬਦ ਸੀ। ਮਿਲਾਪ ਦੀ ਸ਼ਲਾਘਾ ਕਰਨਾ ਇਕ ਚੰਗੀ ਕਾਮਨਾ ਕਰਨਾ ਅਤੇ ਕਿਸੇ ਦੇ ਜੀਵਨ ਵਿਚ ਭਲਿਆਈ ਦੇ ਲਈ ਪ੍ਰਾਰਥਨਾ ਕਰਨਾ ਹੈ।

ਸ਼ਾਂਤੀ ਝਗੜੇ ਦੀ ਗੈਰ-ਮੌਜੂਦਗੀ ਤੋਂ ਕਿਤੇ ਵੱਧ ਕੇ ਹੈ। ਇਹ ਅੰਦਰੂਨੀ ਸ਼ਾਂਤੀ ਤੋਂ ਕਿਤੇ ਵੱਧ ਕੇ ਹੈ ਜੋ ਇਹ ਜਾਣਨ ਤੋਂ ਆਉਂਦੀ ਹੈ ਕਿ ਵਿਅਕਤੀ ਦੇ ਵੱਲ ਪਰਮੇਸ਼ੁਰ ਦੀ ਹਜ਼ੂਰੀ ਅਤੇ ਸ਼ਕਤੀ ਹੈ। ਸ਼ਾਂਤੀ ਨਾਲ ਹਮੇਸ਼ਾ ਇਕ ਸਰਵਜਨਕ ਪਹਿਲੂ ਜੁੜਿਆ ਹੁੰਦਾ ਹੈ। ਇਹ ਦੂਜਿਆਂ ਨਾਲ ਮਿਲਾਪ ਹੁੰਦਾ ਹੈ। ਪਾਪ ਸ਼ਾਂਤੀ ਨੂੰ ਖੋਹ ਲੈਂਦਾ ਹੈ। ਸ਼ਾਂਤੀ ਅਤੇ ਨਿਆਂ ਭੈਣਾਂ ਹਨ। ਜਦੋਂ ਇਕ ਵਿਅਕਤੀ ਕੋਲ ਦੂਜੇ ਵਿਅਕਤੀ ਨੂੰ ਗਾਲਾਂ ਕੱਢਣ ਦੀ ਸ਼ਕਤੀ ਹੁੰਦੀ ਹੈ, ਜਦੋਂ ਸਮਾਜ ਦੇ ਕਾਨੂੰਨ ਅਤੇ ਨਿਯਮ ਅਨਿਆਂ ਨੂੰ ਬਣਾਈ ਰੱਖਣ ਲਈ ਸਥਾਪਤ ਕੀਤੇ ਜਾਂਦੇ ਹਨ, ਸ਼ਾਂਤੀ ਅਸਫ਼ਲ ਹੋ ਜਾਂਦੀ ਹੈ। ਸ਼ਾਂਤੀ ਲਈ ਤਾਂਘ ਮਨੁੱਖੀ ਮਾਮਲਿਆਂ ਵਿਚ ਨਿਆਂ ਲਈ ਮਸੀਹੀ ਵਿਅਕਤੀ ਦੀ ਚਿੰਤਾ ਦੀ ਇਕ ਗਵਾਹੀ ਹੈ, ਗਰੀਬਾਂ ਨਾਲ ਚੰਗੇ ਵਿਹਾਰ ਲਈ, ਮੌਕੇ ਲਈ ਤਾਂ ਜੋ ਸਾਰੇ ਲੋਕ ਉਸ ਖੁਸ਼ਹਾਲੀ ਵਿਚ ਭਾਗੀਦਾਰ ਹੋ ਸਕਣ ਜਿਸ ਦਾ ਅਨੰਦ ਇਕ ਸਮਾਜ ਮਾਣਦਾ ਹੈ। ਇਹ ਉਸ ਭਾਵ ਵਿਚ ਹੈ ਕਿ ਸ਼ਾਂਤੀ ਪਰਮੇਸ਼ੁਰ ਦੇ ਲੋਕਾਂ ਦੇ ਮਨ ਤੋਂ ਕਦੇ ਦੂਰ ਨਹੀਂ ਹੁੰਦੀ। ਪਤਰਸ ਨੇ ਇਹ ਲਿਖਦੇ ਹੋਏ ਇਸ ਪੱਤ੍ਰੀ ਨੂੰ ਖਤਮ ਕੀਤਾ, "ਤੁਹਾਨੂੰ ਸਭਨਾਂ ਨੂੰ ਸ਼ਾਂਤੀ ਹੁੰਦੇ ਰਹੇ" (5:14)। 2 ਪਤਰਸ ਦੇ ਅੰਤ ਦੇ ਨੇੜੇ ਪਹੁੰਚ ਕੇ ਪਤਰਸ ਨੇ ਇਹ ਨਸੀਹਤ ਦਿੱਤੀ, ". . . ਜਤਨ ਕਰੋ ਭਈ ਤੁਸੀਂ ਸ਼ਾਂਤੀ ਨਾਲ ਉਹ ਦੇ ਅੱਗੇ ਠਹਿਰੋ" (2 ਪਤਰਸ 3:14)। ਯੂਹੰਨਾ ਨੇ ਆਪਣੀ ਤੀਜੀ ਪੱਤ੍ਰੀ ਇਨ੍ਹਾਂ ਸ਼ਬਦਾਂ ਨਾਲ ਖਤਮ ਕੀਤੀ, "ਤੈਨੂੰ ਸ਼ਾਂਤੀ ਪਰਾਪਤ ਹੋਵੇ। ਸਾਡੇ ਮਿੱਤ੍ਰ ਤੇਰੀ ਸੁਖ ਸਾਂਦ ਪੁੱਛਦੇ ਹਨ। ਤੂੰ ਸਾਡੇ ਮਿੱਤ੍ਰਾਂ ਨੂੰ ਨਾਉਂ ਲੈ ਲੈ ਕੇ ਸੁਖ ਸਾਂਦ ਆਖੀਂ" (3 ਯੂਹੰਨਾ 15)।

ਸਲਾਮ (1:2) ਅਤੇ ਅਸ਼ੀਰਵਾਦ (5:14) ਤੋਂ ਇਲਾਵਾ, ਪਤਰਸ ਨੇ ਇਹ ਸ਼ਬਦ ਕੇਵਲ ਇੱਥੇ ਵਰਤਿਆ। ਉਸ ਨੇ ਇਸ ਸ਼ਬਦ ਨੂੰ ਜਾਣ ਬੁੱਝ ਕੇ ਇਸਤੇਮਾਲ ਕੀਤਾ ਸੀ। ਉਹ ਇਹ ਸਪੱਸ਼ਟ ਕਰਨਾ ਚਾਹੁੰਦਾ ਸੀ ਕਿ "ਸ਼ਾਂਤੀ" ਮਸੀਹੀ ਜੀਵਨ ਦੇ ਲਈ ਇਕ ਗੈਰਜ਼ਰੂਰੀ ਉਪਜ ਨਹੀਂ ਸੀ। ਪੌਲੁਸ ਇਸ ਨਾਲ ਪੂਰਾ ਸਹਿਮਤ ਸੀ। "ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ" (ਰੋਮੀਆਂ 14:19)। ਪੌਲੁਸ ਵਿਸ਼ਵਾਸੀਆਂ ਵਿਚ ਮਿਲਾਪ ਦੇ ਬਾਰੇ ਚਿੰਤਤ ਸੀ, ਪਰ ਪਤਰਸ ਦੀ ਚਿੰਤਾ ਇਹ ਸੀ ਕਿ ਮਸੀਹੀ ਲੋਕ ਗੈਰ-ਵਿਸ਼ਵਾਸੀ ਗੁਆਂਢੀਆਂ ਨਾਲ ਕਿਸ ਤਰ੍ਹਾਂ ਮਿਲਾਪ ਕਰਦੇ ਸਨ। ਮਿਲਾਪ ਸਬੱਬ ਨਾਲ ਨਹੀਂ ਹੁੰਦਾ। ਯਿਸੂ ਨੇ ਕਿਹਾ, "ਧੰਨ ਓਹ ਜਿਹੜੇ ਮੇਲ ਕਰਾਉਣ ਵਾਲੇ ਹਨ" (ਮੱਤੀ 5:9)। ਮਸੀਹੀ ਲੋਕਾਂ ਦੇ ਲਈ ਸ਼ਾਂਤੀ ਦੇ ਲਈ ਸਕਾਰਾਤਮਕ ਉਤਪਰੇਰਕ ਬਣਨਾ ਯੋਗ ਹੈ, "ਮਸੀਹ ਵਿਚ ਸਾਰੇ ਮਰਦਾਂ ਅਤੇ ਔਰਤਾਂ ਨਾਲ ਮੇਲ ਮਿਲਾਪ ਕਰਨ ਤੇ ਕੰਮ ਕਰਨਾ ਕਿਉਂਕਿ ਇਹ ਉਸੇ ਕੰਮ ਰਾਹੀਂ ਹੈ ਕਿ ਉਹ ਪਰਮੇਸ਼ੁਰ ਦੀ ਉੱਤਮ ਢੰਗ ਨਾਲ ਰੀਸ ਕਰਦੇ ਹਨ ਅਤੇ ਉਸੇ ਨੂੰ ਅੱਗੇ ਲੈ ਕੇ ਜਾਂਦੇ ਹਨ ਜੋ ਪਰਮੇਸ਼ੁਰ ਨੇ ਮਸੀਹ ਵਿਚ ਸ਼ੁਰੂ ਕੀਤਾ ਸੀ ਅਤੇ

ਆਤਮਾ ਵਿਚ ਉਸ ਨੂੰ ਜਾਰੀ ਰੱਖਦਾ ਹੈ।"[10]

ਪਤਰਸ ਨੇ ਆਪਣੇ ਪਾਠਕਾਂ ਨੂੰ ਇਕ ਕਿਰਿਆਸ਼ੀਲ ਰਣਨੀਤੀ ਦਾ ਪਿੱਛਾ ਕਰਨ ਦੀ ਬੇਨਤੀ ਕੀਤੀ ਜਿਸ ਦਾ ਨਤੀਜਾ ਸੰਭਵ ਤੌਰ ਤੇ ਉਨ੍ਹਾਂ ਦਾ ਆਪਣੇ ਆਪ ਅਤੇ ਸਾਰੇ ਮਨੁੱਖਾਂ ਵਿਚਕਾਰ ਸਦਭਾਵਨਾ ਹੋਵੇਗਾ। ਕਿਰਿਆਸ਼ੀਲ ਰਣਨੀਤੀ ਜੀਭ ਨੂੰ ਰੋਕ ਕੇ ਰੱਖਣ ਅਤੇ ਨੈਤਿਕ ਤੌਰ ਤੇ ਇਕ ਖਰੇ ਜੀਵਨ ਦੀ ਮੰਗ ਕਰਦੀ ਸੀ। ਨਕਾਰਾਤਮਕ ਤੌਰ ਤੇ, ਇਹ ਕਿਸੇ ਕੋਲੋਂ "ਆਪਣੀ ਜੀਭ ਨੂੰ ਬੁਰਿਆਈ ਤੋਂ ਰੋਕ ਕੇ ਰੱਖਣ" ਦੀ ਮੰਗ ਕਰਦੀ ਸੀ। ਸਕਾਰਾਤਮਕ ਤੌਰ ਤੇ, ਇਹ ਕਿਸੇ ਕੋਲੋਂ "ਭਲਿਆਈ ਕਰਨ" ਦੀ ਮੰਗ ਕਰਦੀ ਸੀ ਤਾਂ ਜੋ ਉਹ "ਮਿਲਾਪ ਨੂੰ ਲੱਭੇ ਅਤੇ ਉਹ ਦਾ ਪਿੱਛਾ ਕਰੇ।" ਇਸ ਦਾ ਨਤੀਜਾ ਪਰਮੇਸ਼ੁਰ ਦੀ ਅਸੀਸ ਦਾ ਅਧਕਾਰ ਹੋਵੇਗਾ (3:9)।

**ਆਇਤ 12.** ਜ਼ਬੂਰ 34 ਨੇ ਪਤਰਸ ਦੇ ਪਾਠਕਾਂ ਨੂੰ ਮੁੜ ਭਰੋਸਾ ਦਿੱਤਾ। ਉਨ੍ਹਾਂ ਨੇ ਮਸੀਹ ਨੂੰ ਗ੍ਰਹਿਣ ਕੀਤਾ ਸੀ ਅਤੇ ਸਾਰੇ ਪੁਰਾਣੇ ਦੇਵੀ-ਦੇਵਤਿਆਂ ਨੂੰ ਠੁਕਰਾ ਦਿੱਤਾ ਸੀ ਜਿਨ੍ਹਾਂ ਨੂੰ ਉਹ ਅਤੇ ਉਨ੍ਹਾਂ ਦੇ ਪਿਉ-ਦਾਦੇ ਜਾਣਦੇ ਅਤੇ ਸੇਵਾ ਕਰਦੇ ਸਨ। ਫਿਰ ਸਭ ਕੁਝ ਕਿਵੇਂ ਬਦਲ ਗਿਆ ਸੀ? ਫਿਰ ਜਗਤ ਦੇ ਇਕਲੌਤੇ ਪਰਮੇਸ਼ੁਰ ਨੇ ਉਨ੍ਹਾਂ ਦਾ ਚੰਗੀ ਤਰ੍ਹਾਂ ਖਿਆਲ ਕਿਉਂ ਨਹੀਂ ਰੱਖਿਆ? ਜ਼ਬੂਰ ਕਹਿੰਦਾ ਹੈ, "ਪਰਮੇਸ਼ੁਰ ਤੁਹਾਨੂੰ ਭੁੱਲਿਆ ਨਹੀਂ ਹੈ।" ਜਦੋਂ ਵਫ਼ਾਦਾਰ ਵਿਅਕਤੀ ਭਲਿਆਈ ਕਰਦਾ ਹੈ, ਪਰਮੇਸ਼ੁਰ ਇਸ ਨੂੰ ਵੇਖਦਾ ਹੈ। ਪਰਮੇਸ਼ੁਰ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸੁਣਦਾ ਹੈ। ਇਸ ਤੋਂ ਇਲਾਵਾ, **ਪ੍ਰਭੂ ਦਾ ਮੂੰਹ ਕੁਕਰਮੀਆਂ ਦੇ ਵਿਰੁੱਧ ਹੈ।** ਜਦੋਂ ਪ੍ਰਭੂ ਨਿਆਂ ਕਰਨ ਦੇ ਲਈ ਦੁਬਾਰਾ ਆਵੇਗਾ, ਜਿਹੜੇ ਧਰਮੀ ਨੂੰ ਸਤਾਉਂਦੇ ਹਨ ਉਨ੍ਹਾਂ ਨੂੰ ਇਸ ਦਾ ਲੇਖਾ ਦੇਣਾ ਪਵੇਗਾ। ਪਰਮੇਸ਼ੁਰ ਉਨ੍ਹਾਂ ਦੇ ਵਿਰੁੱਧ ਹੈ ਜਿਹੜੇ ਬੁਰਿਆਈ ਕਰਦੇ ਹਨ। ਪਰਮੇਸ਼ੁਰ ਆਪਣੇ ਵਚਨ ਵਿਚ ਕਿਰਿਆਸ਼ੀਲ ਹੈ। ਸਾਨੂੰ ਹਾਰ ਨਹੀਂ ਮੰਨਣੀ ਚਾਹੀਦੀ ਜਾਂ ਆਪਣੀ ਨਿਹਚਾ ਨੂੰ ਗੁਆਉਣਾ ਨਹੀਂ ਚਾਹੀਦਾ। ਜ਼ਬੂਰ ਵਿਚ "ਪ੍ਰਭੂ" ਸ਼ਬਦ ਪਰਮੇਸ਼ੁਰ ਦਾ ਹਵਾਲਾ ਦਿੰਦਾ ਹੈ। ਪਤਰਸ ਲਈ, ਪਰਮੇਸ਼ੁਰ ਅਤੇ ਪਿਤਾ ਅਤੇ ਪਰਮੇਸ਼ੁਰ ਅਤੇ ਪੁੱਤਰ ਵਿਚਕਾਰ ਇਕ ਬਾਰੀਕ ਰੇਖਾ ਖਿੱਚਣਾ ਨਹੀਂ ਹੈ। ਆਪਣੀ ਇਕਜੁਟਤਾ ਵਿਚ, "ਪ੍ਰਭੂ ਦਾ ਮੂੰਹ ਕੁਕਰਮੀਆਂ ਦੇ ਵਿਰੁੱਧ ਹੈ।" ਨਿੱਜੀ ਤੌਰ ਤੇ ਬਦਲਾ ਲੈਣ ਦੀ ਬਜਾਇ, ਮਸੀਹੀ ਲੋਕ ਭਰੋਸਾ ਕਰਦੇ ਹਨ ਕਿ ਪਰਮੇਸ਼ੁਰ, ਆਪਣੇ ਸਮੇਂ ਸਿਰ, ਵਰਤਮਾਨ ਯੁੱਗ ਦਾ ਨਿਆਂ ਕਰੇਗਾ।

## ਆਪਣੇ ਹਿਰਦਿਆਂ ਵਿਚ ਮਸੀਹ ਨੂੰ ਪਵਿੱਤਰ ਮੰਨਣਾ (3:13-17)

**13ਜੇ ਤੁਸੀਂ ਭਲਿਆਈ ਕਰਨ ਵਿੱਚ ਚੁਸਤ ਹੋਵੋ ਤਾਂ ਉਹ ਕਿਹੜਾ ਹੈ ਜਿਹੜਾ ਤੁਹਾਡੇ
ਨਾਲ ਬੁਰਿਆਈ ਕਰੇਗਾ? 14ਪਰ ਜੇ ਤੁਹਾਨੂੰ ਧਰਮ ਦੇ ਕਾਰਨ ਦੁਖ ਮਿਲੇ ਵੀ ਤਾਂ ਧੰਨ
ਹੋ! ਉਨ੍ਹਾਂ ਦੇ ਡਰਾਉਣ ਤੋਂ ਨਾ ਡਰੋ ਅਤੇ ਨਾ ਘਬਰਾਓ। 15ਸਗੋਂ ਮਸੀਹ ਨੂੰ ਪ੍ਰਭੂ ਕਰਕੇ
ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ ਅਤੇ ਜਿਹੜੀ ਤੁਹਾਨੂੰ ਆਸ ਹੈ ਤੁਸੀਂ ਹਰੇਕ ਨੂੰ ਜੋ
ਤੁਹਾਡੇ ਕੋਲੋਂ ਉਹ ਦਾ ਕਾਰਨ ਪੁੱਛੇ ਉੱਤਰ ਦੇਣ ਨੂੰ ਸਦਾ ਤਿਆਰ ਰਹੋ ਪਰ ਨਰਮਾਈ
ਅਤੇ ਭੈ ਨਾਲ। 16ਅਤੇ ਅੰਤਹਕਰਨ ਸ਼ੁੱਧ ਰੱਖੋ ਭਈ ਓਹ ਜਿਹੜੇ ਤੁਹਾਡੀ ਸ਼ੁਭ ਚਾਲ ਨੂੰ
ਜੋ ਮਸੀਹ ਵਿੱਚ ਹੈ ਮੰਦਾ ਆਖਦੇ ਹਨ ਸੋ ਜਿਸ ਗੱਲ ਵਿੱਚ ਓਹ ਤੁਹਾਡੇ ਵਿਰੁੱਧ ਬੋਲਦੇ
ਹਨ ਓਹ ਲੱਜਿਆਵਾਨ ਹੋਣ। 17ਕਿਉਂਕਿ ਜੇ ਪਰਮੇਸ਼ੁਰ ਦੀ ਇੱਛਿਆ ਇਉਂ ਹੋਵੇ ਤਾਂ ਸ਼ੁਭ
ਕਰਮ ਕਰਕੇ ਦੁਖ ਝੱਲਣਾ ਇਸ ਨਾਲੋਂ ਚੰਗਾ ਹੈ ਜੋ ਤੁਸੀਂ ਖੋਟੇ ਕਰਮ ਕਰਕੇ ਦੁਖ ਝੱਲੋ।**

3:9 ਦਾ ਸੁਝਾਅ ਇਹ ਹੈ ਕਿ ਪਤਰਸ ਦੇ ਪਾਠਕਾਂ ਨੇ ਬੇਇੱਜ਼ਤੀ ਅਤੇ ਬੁਰਿਆਈ ਝੱਲੀ ਸੀ। ਪਤਰਸ ਨੇ ਉਨ੍ਹਾਂ ਨੂੰ ਉਸ ਬੁਰਿਆਈ ਦਾ ਸਾਹਮਣਾ ਕਰਦੇ ਹੋਏ ਜੋ ਉਨ੍ਹਾਂ ਨੇ ਝੱਲੀ ਸੀ ਧਰਮੀ ਜੀਵਨ ਜੀਉਣ ਦੀ ਮਿੰਨਤ ਕਰਨ ਲਈ ਜ਼ਬੂਰ 34 ਦਾ ਹਵਾਲਾ ਦਿੱਤਾ ਸੀ, ਪਰ ਇਹ ਜ਼ਬੂਰ ਇਸ ਦੇ ਆਪਣੇ ਕਈ ਸਵਾਲ ਖੜ੍ਹੇ ਕਰਦਾ ਹੈ। ਇਹ ਪਤਰਸ ਨੂੰ ਇਹ ਪੁੱਛਣ ਦਾ ਨਿਓਤਾ ਦਿੰਦਾ ਹੈ, "ਜੇਕਰ ਪਰਮੇਸ਼ੁਰ ਸਾਡੀ ਵੱਲ ਹੈ, ਤਾਂ ਅਸੀਂ ਇਸ ਤਰ੍ਹਾਂ ਦੁਖ ਕਿਉਂ ਝੱਲ ਰਹੇ ਹਾਂ? ਤੂੰ ਸਾਡੇ ਕੋਲੋਂ ਉਨ੍ਹਾਂ ਨੂੰ ਅਸੀਸ ਦੇਣ ਦੀ ਉਮੀਦ ਕਿਵੇਂ ਕਰ ਸਕਦਾ ਹੈਂ ਜਿਹੜੇ ਸਾਡੇ ਜੀਵਨ ਨੂੰ ਨਰਕ ਬਣਾ ਰਹੇ ਹਨ? ਰਸੂਲ ਨੇ ਅੱਗੇ ਆਪਣਾ ਧਿਆਨ ਇਨ੍ਹਾਂ ਵੱਲ ਲਗਾਇਆ।

**ਆਇਤ 13.** ਦੂਜੀ ਵਾਰ (ਵੇਖੋ 1:6–9), ਪਤਰਸ ਨੇ ਬੜੀ ਸ਼ਪੱਸ਼ਟਤਾ ਨਾਲ ਆਪਣੇ ਪਾਠਕਾਂ ਦੇ ਦੁਖ ਨੂੰ ਸੰਬੋਧਿਤ ਕੀਤਾ। ਇਹ ਭਾਗ (3:13–17) ਅਲੰਕਿਰਤ ਸਵਾਲ ਨਾਲ ਸ਼ੁਰੂ ਹੁੰਦਾ ਹੈ; ਸਵਾਲ ਦੀ ਕਲਪਨਾ ਕੀਤਾ ਗਈ ਹੈ। ਬੇਸ਼ੱਕ **ਜੇ ਤੁਸੀਂ ਭਲਿਆਈ ਕਰਨ ਵਿੱਚ ਚੁਸਤ ਹੋਵੋ ਤਾਂ ਉਹ ਕਿਹੜਾ ਹੈ ਜਿਹੜਾ ਤੁਹਾਡੇ ਨਾਲ ਬੁਰਿਆਈ ਕਰੇਗਾ**। ਫਿਰ ਵੀ, ਇਸ ਵਿਚਾਰ ਅਤੇ ਅੱਗੇ ਆਉਣ ਵਾਲੀਆਂ ਗੱਲਾਂ ਵਿਚਕਾਰ ਕੁਝ ਤਣਾਤਣੀ ਹੈ। "ਬਿਪਤਾ ਦਾ ਲਾਂਬੂ" ਜੋ ਉਨ੍ਹਾਂ ਉੱਤੇ ਪਿਆ ਸੀ (4:12) ਅਤੇ "ਮਸੀਹ ਦੇ ਨਾਮ ਦੇ ਕਾਰਨ" ਉਨ੍ਹਾਂ ਨੂੰ ਜੋ ਬੋਲੀਆਂ ਵੱਜੀਆਂ ਸਨ (4:14) ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਅਣਉਤੇਜਿਤ ਸਨ। ਪਤਰਸ ਇਸ ਮੁੱਦੇ ਨਾਲ ਬਾਅਦ ਵਿਚ ਨਜਿੱਠੇਗਾ, ਪਰ ਫਿਲਹਾਲ, ਉਹ ਕੁਝ ਅਜਿਹੇ ਸਿਧਾਂਤਾਂ ਬਾਰੇ ਗੱਲ ਕਰਨਾ ਚਾਹੁੰਦਾ ਹੈ ਜੋ ਉਸ ਦੇ ਪਾਠਕਾਂ ਨੂੰ ਇਕ ਸਰਲ ਅਤੇ ਪਵਿੱਤਰ ਜੀਵਨ ਜੀਉਣ ਵਿਚ ਮਾਰਗ-ਦਰਸ਼ਨ ਕਰਨਗੇ। ਉਹ ਉਨ੍ਹਾਂ ਨੂੰ ਬਾਅਦ ਵਿਚ ਤਸੱਲੀ ਅਤੇ ਮੁੜ ਭਰੋਸਾ ਦੇਵੇਗਾ, ਪਰ ਹੁਣ ਪਤਰਸ ਦੀ ਚਿੰਤਾ ਉਨ੍ਹਾਂ ਨੂੰ ਸਤਾਓ ਦਾ ਸਾਹਮਣਾ ਕਰਦੇ ਹੋਏ ਪਵਿੱਤਰ ਚਾਲ-ਚਲਨ ਲਈ ਤਕੜਿਆਂ ਕਰਨਾ ਹੈ।

ਆਮ ਹਾਲਾਤਾਂ ਵਿਚ ਦੁਨੀਆ ਦੀਆਂ ਰਾਜ ਕਰਨ ਵਾਲੀਆਂ ਸ਼ਕਤੀਆਂ ਲੋਕਾਂ ਨੂੰ ਸਚਿਆਈ ਬੋਲਣ ਦੇ ਲਈ, ਬੇਈਮਾਨੀ ਨੂੰ ਠੁਕਰਾਉਣ, ਆਪਣੇ ਪਰਿਵਾਰ ਦਾ ਜ਼ਿੰਮੇਵਾਰੀ ਨਾਲ ਪਾਲਣ-ਪੋਸ਼ਣ ਕਰਨ ਅਤੇ ਬਾਕੀ ਸਭ ਕੁਝ ਜੋ "ਉਸ ਲਈ ਅਣਖ ਰੱਖਣਾ ਜੋ ਭਲਾ ਹੈ" ਵਿਚ ਸ਼ਾਮਲ ਹੁੰਦਾ ਹੈ ਦੁਖ ਨਹੀਂ ਦਿੰਦੀਆਂ। ਇਹ ਸ਼ਬਦ ਯਸਾਯਾਹ 50:9 ਆਇਤ ਨੂੰ ਚੇਤੇ ਕਰਾਉਂਦੇ ਹਨ: "ਵੇਖੋ, ਪ੍ਰਭੂ ਯਹੋਵਾਹ ਮੇਰੀ ਸਹਾਇਤਾ ਕਰਦਾ ਹੈ, ਕੌਣ ਮੈਨੂੰ ਦੋਸ਼ੀ ਠਹਿਰਾਵੇਗਾ?" ਪਤਰਸ ਪਹਿਲਾਂ ਹੀ ਬਹੁਤ ਕੁਝ ਕਹਿ ਚੁੱਕਾ ਸੀ ਜਦੋਂ ਉਸ ਨੇ ਆਪਣੇ ਪਾਠਕਾਂ ਨੂੰ ਇਹ ਚੇਤੇ ਕਰਾਇਆ ਕਿ ਹਾਕਮਾਂ ਨੂੰ "ਕੁਕਰਮੀਆਂ ਨੂੰ ਸਜ਼ਾ ਦੇਣ ਅਤੇ ਸੁਕਰਮੀਆਂ ਦੀ ਸੋਭਾ ਕਰਨ" ਲਈ ਘੱਲਿਆ ਗਿਆ ਸੀ (2:14)। ਫਿਰ ਵੀ, ਸਿਧਾਂਤ ਜੋ ਇਹ ਰਸੂਲ ਸਥਾਪਤ ਕਰਨਾ ਚਾਹੁੰਦਾ ਸੀ ਬਹੁਤ ਜ਼ਿਆਦਾ ਇਸ ਬਾਰੇ ਨਹੀਂ ਸੀ ਕਿ ਮਸੀਹੀ ਲੋਕ ਕਦੇ ਅਣਉਚਿਤ ਢੰਗ ਨਾਲ ਦੁਖ ਨਹੀਂ ਝੱਲਣਗੇ, ਜਿੰਨਾ ਕਿ ਇਸ ਬਾਰੇ ਸੀ ਕਿ ਮਸੀਹੀ ਲੋਕਾਂ ਨੂੰ ਕਦੇ ਵੀ ਬੁਰੇ ਵਰਤਾਓ ਲਈ ਨਹੀਂ ਉਕਸਾਉਣਾ ਚਾਹੀਦਾ। ਉਹ ਬਾਅਦ ਵਿਚ ਕਹੇਗਾ "ਪਰ ਐਉਂ ਨਾ ਹੋਵੇ ਜੋ ਤੁਹਾਡੇ ਵਿੱਚੋਂ ਕੋਈ ਖੂਨੀ ਯਾ ਚੋਰ ਯਾ ਬੁਰਿਆਰ ਯਾ ਹੋਰਨਾਂ ਦੇ ਕੰਮ ਵਿੱਚ ਲੱਤ ਅੜਾਉਣ ਵਾਲਾ ਹੋ ਕੇ ਦੁਖ ਪਾਵੇ" (4:15)। ਉਹ ਪਹਿਲਾਂ ਹੀ ਕਹਿ ਚੁੱਕਾ ਸੀ ਕਿ "ਪਰਾਈਆਂ ਕੌਮਾਂ ਵਿੱਚ ਆਪਣੀ ਚਾਲ ਨੇਕ ਰੱਖੋ" (2:12)। ਬੁਰਿਆਈ ਜੋ ਮਸੀਹੀ ਲੋਕ ਝੱਲਦੇ ਹਨ ਕਦੇ ਵੀ ਉਨ੍ਹਾਂ ਲਈ ਨਿਰਾਸ਼ ਹੋ ਕੇ ਹਮਲਾ ਕਰਨ, ਬੁਰਿਆਈ ਦੇ ਬਦਲੇ ਬੁਰਿਆਈ ਕਰਨਾ ਦਾ ਮੌਕਾ ਨਹੀਂ ਹੋਣੀ ਚਾਹੀਦੀ (3:9)।

**ਆਇਤ 14.** ਉਹ ਸਵਾਲ ਜੋ ਪਤਰਸ ਨੇ ਪਿਛਲੀਆਂ ਆਇਤਾਂ ਵਿਚ ਸਾਹਮਣੇ ਰੱਖਿਆ

ਹੈ ਇਸ ਉਲਝਣ ਨਾਲ ਰੱਖਿਆ ਗਿਆ ਹੈ ਕਿ ਮਸੀਹੀ ਵਿਅਕਤੀ ਨੂੰ ਉਹ ਕਰਨ ਦੇ ਲਈ ਜੋ ਭਲਾ ਹੈ ਗਲਤ ਤਰੀਕਾ ਨਹੀਂ ਅਪਨਾਉਣਾ ਚਾਹੀਦਾ, ਸਪੱਸ਼ਟ ਤੌਰ ਤੇ ਅੱਤਕਥਨੀ ਸੀ। ਰਸੂਲ ਆਪਣੀ ਗੱਲ ਤੋਂ ਪਿੱਛੇ ਹੱਟ ਗਿਆ, ਪਰ ਉਸ ਨੇ ਖਰੇ ਵਿਹਾਰ ਲਈ ਉਮੀਦ ਨੂੰ ਪਿੱਛੇ ਨਹੀਂ ਛੱਡਿਆ। ਉਸ ਨੇ ਵਿਆਕਰਣਾਤਮਕ ਢੰਗ ਨਾਲ ਸ਼ੁਰੂਆਤ ਕੀਤੀ ਜੋ ਕਿ ਨਵੇਂ ਨੇਮ ਵਿਚ ਦੁਰਲੱਭ ਸੀ। **ਪਰ ਜੇ ਤੁਹਾਨੂੰ ਧਰਮ ਦੇ ਕਾਰਨ ਦੁਖ ਮਿਲੇ ਵੀ** ਸ਼ਬਦ ਇੱਛਾਸੂਚਕ ਮਨੋਦਸ਼ਾ ਦੀ ਵਰਤੋਂ ਕਰਦੇ ਹਨ। ਇਹ ਇਕ ਅਜਿਹਾ ਢੰਗ ਸੀ ਜੋ ਯੂਨਾਨੀ ਲੇਖਕ ਦੇ ਲਈ ਉਪਲਬਧ ਸੀ ਜਦੋਂ ਉਹ ਕਿਸੇ ਅਜਿਹੀ ਚੀਜ਼ ਦਾ ਸੁਝਾਅ ਦੇਣਾ ਚਾਹੁੰਦਾ ਸੀ ਜਿਸ ਦੇ ਹੋਣ ਦੀ ਸੰਭਵ ਤੌਰ ਤੇ ਕੋਈ ਸੰਭਾਵਨਾ ਨਹੀਂ ਸੀ ਜਾਪਦੀ। ਜੇ. ਐਨ. ਡੀ. ਕੈਲੀ ਨੇ ਇਸ ਦਾ ਇਸ ਤਰ੍ਹਾਂ ਭਾਵ ਅਨੁਵਾਦ ਕੀਤਾ ਹੈ, "ਫਿਰ ਵੀ, ਜੇਕਰ ਭਲਿਆਈ ਲਈ ਤੁਹਾਡੀ ਭਗਤੀ ਤੁਹਾਨੂੰ ਮੁਸੀਬਤ ਵਿਚ ਪਾ ਦਿੰਦੀ ਹੈ . . .।"[11] ਸਪੱਸ਼ਟ ਤੌਰ ਤੇ, "ਭਲਿਆਈ ਲਈ ਭਗਤੀ" ਨੇ ਪਤਰਸ ਦੇ ਕੁਝ ਪਾਠਕਾਂ ਨੂੰ ਮੁਸੀਬਤ ਵਿਚ ਪਾ ਦਿੱਤਾ ਸੀ। ਅਗਿਆਨਤਾ, ਵਹਿਮ ਭਰਮ, ਈਰਖਾ, ਜਾਂ ਰਾਜਨੀਤਿਕ ਦਬਾਅ ਕਈ ਵਾਰ ਨਿਰਦੋਸ਼ ਲੋਕਾਂ ਨੂੰ ਦੁਖ ਝੱਲਣ ਵੱਲ ਲੈ ਜਾਂਦੇ ਹਨ। ਜਦ ਕਿ ਦੁਨੀਆ ਵਿਚ ਇਨ੍ਹਾਂ ਗੁਣਾਂ ਦੀ ਕੋਈ ਕਮੀ ਨਹੀਂ ਹੈ, ਖਰਾ ਵਿਹਾਰ ਮਸੀਹੀ ਵਿਅਕਤੀ ਦਾ ਸਾਥੀ ਹੁੰਦਾ ਹੈ ਜਦੋਂ ਉਹ ਉਨ੍ਹਾਂ ਦਾ ਸਾਹਮਣਾ ਕਰਦਾ ਹੈ।

**ਧਾਰਮਿਕਤਾ** ਪਤਰਸ ਦੀ ਮੁੱਖ ਚਿੰਤਾ ਸੀ। "ਜੇ ਤੁਹਾਨੂੰ ਧਰਮ ਦੇ ਕਾਰਨ ਦੁਖ ਮਿਲੇ," ਪਤਰਦ ਨੇ ਜ਼ੋਰ ਦਿੱਤਾ, "ਇਹ ਭਲਿਆਈ ਕਰਨ ਦੇ ਲਈ ਮਿਲੇ ਨਾ ਕਿ ਕਿਸੇ ਹੋਰ ਕਾਰਨ ਕਰਕੇ। ਇਹ ਬੁਰਿਆਈ ਕਰਨ ਦੇ ਲਈ ਕਦੇ ਨਾ ਮਿਲੇ।" ਜਿਵੇਂ ਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ (2:24), 1 ਪਤਰਸ ਵਿਚ "ਧਾਰਮਿਕਤਾ" ਦਾ ਅਰਥ ਹੈ, "ਨੈਤਿਕ ਤੌਰ ਤੇ ਖਰਾ, ਪਵਿੱਤਰ ਵਿਹਾਰ।" ਇਹ ਪੌਲੁਸ ਦੇ ਅਰਥ ਵਿਚ ਜ਼ੁੰਮੇ ਲਾਈ ਗਈ ਧਾਰਮਿਕਤਾ ਨਹੀਂ ਹੈ (ਉਦਾਹਰਣ ਦੇ ਲਈ, ਰੋਮੀਆਂ 4:3–5)। ਨਕਾਰਾਤਮਕ ਤੌਰ ਤੇ ਕਹੀਏ ਤਾਂ "ਧਾਰਮਿਕਤਾ" ਦਾ ਅਰਥ ਹੈ "ਸਰੀਰਕ ਕਾਮਨਾਂ ਤੋਂ ਪਰੇ ਰਹਿਣਾ ਜਿਹੜੀਆਂ ਜਾਨ ਨਾਲ ਲੜਦੀਆਂ ਹਨ" (2:11)। ਜਦੋਂ "ਧਾਰਮਿਕਤਾ ਦੇ ਕਾਰਨ" ਦੁਖ ਆਉਂਦੇ ਹਨ, ਪਤਰਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦਿੱਤਾ ਕਿ **ਤੁਸੀਂ ਧੰਨ ਹੋ**। ਇਹ ਅਸੀਸ ਉਨ੍ਹਾਂ ਦੀ ਸ਼ਰਮਿੰਦਗੀ ਲਈ ਸੀ ਜਿਹੜੇ ਦੁਖ ਦਿੰਦੇ ਹਨ (3:16)।

"ਧੰਨ" ਸ਼ਬਦ ਲਈ ਜਿਹੜਾ ਯੂਨਾਨੀ ਸ਼ਬਦ (μακάριος, *ਮਕਾਰੀਓਸ*) ਵਰਤਿਆ ਗਿਆ ਹੈ ਉਹ ਸ਼ਬਦ ਨਹੀਂ ਹੈ ਜੋ 3:9 ਵਿਚ ਵਰਤਿਆ ਗਿਆ ਹੈ। ਉੱਥੇ ਜੋ ਹਵਾਲਾ ਦਿੱਤਾ ਗਿਆ ਸੀ ਉਹ ਬੋਲਣ ਵਾਲੀ ਅਸੀਸ ਦੇ ਬਾਰੇ ਸੀ; ਇੱਥੇ ਇਹ ਧੰਨ ਹੋਣ ਦੀ ਅਵਸਥਾ ਹੈ ਜਿਸ ਵਿਚ ਵਿਸ਼ਵਾਸੀ ਆਪਣੇ ਆਪ ਨੂੰ ਪਾਉਂਦਾ ਹੈ। ਇਹ ਮੁਬਾਰਕਬਾਦੀਆਂ ਦਾ ਸ਼ਬਦ ਹੈ, ਅਠਵੀਂ ਮੁਬਾਰਕਬਾਦੀ ਜੋ ਕਹਿੰਦੀ ਹੈ ਕਿ "ਧੰਨ ਓਹ ਜਿਹੜੇ ਧਰਮ ਦੇ ਕਾਰਨ ਸਤਾਏ ਗਏ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ" (ਮੱਤੀ 5:10)। ਵਿਸ਼ਵਾਸੀਆਂ ਦੇ ਧੰਨ ਹੋਣ ਵਿਚ ਕੀ ਸ਼ਾਮਲ ਹੁੰਦਾ ਹੈ? (1) ਇਹ ਧੰਨ ਹੋਣਾ ਉਹ ਹੈ ਜੋ ਦੁਖਾਂ ਵਿਚ ਪ੍ਰਭੂ ਦੇ ਨਾਲ ਸਾਂਝੀ ਹੋਣ ਵਿਚ ਸਮਰੱਥ ਬਣਨ ਤੋਂ ਆਉਂਦਾ ਹੈ ਜਿਸ ਦਾ ਨਤੀਜਾ ਮਨੁੱਖੀ ਛੁਟਕਾਰਾ ਹੁੰਦਾ ਹੈ (4:13)। ਪੌਲੁਸ ਦੇ ਵਚਿੱਤਰ ਸ਼ਬਦਾਂ ਵਿਚ, "ਹੁਣ ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿਚ ਅਨੰਦ ਹਾਂ . . . ਮਸੀਹ ਦੀਆਂ ਬਿਪਤਾਂ ਦਾ ਘਾਟਾ ਮੈਂ ਪੂਰਾ ਕਰਦਾ ਹਾਂ" (ਕੁਲੁੱਸੀਆਂ 1:24)। (2) ਇਹ ਧੰਨ ਹੋਣਾ ਉਸ ਨਿਸ਼ਚਤਤਾ ਤੋਂ ਆਉਂਦਾ ਹੈ ਜਿਸ ਤੋਂ ਪਰਮੇਸ਼ੁਰ ਉਨ੍ਹਾਂ ਨਾਲ ਪ੍ਰਸੰਨ ਹੁੰਦਾ ਹੈ ਜਿਹੜੇ ਉਸ ਤੇ ਭਰੋਸੇ ਕਰਦੇ ਅਤੇ ਉਸ ਦੀ ਆਗਿਆ ਦਾ ਪਾਲਣ ਕਰਦੇ ਹਨ (1:22, 23)।

(3) ਇਹ ਧੰਨ ਹੋਣਾ ਉਸ ਵਾਅਦੇ ਵਿਚ ਆਸ ਦਾ ਮਿਲਣਾ ਹੈ ਕਿ "ਤੁਹਾਡੀ ਨਿਹਚਾ ਦਾ ਫਲ ਤੁਹਾਡੀਆਂ ਜਾਨਾਂ ਦੀ ਮੁਕਤੀ ਹੈ" (1:9)।

ਆਖ਼ਰੀ ਵਾਕ, **ਅਤੇ ਉਨ੍ਹਾਂ ਦੇ ਡਰਾਉਣ ਤੋਂ ਨਾ ਡਰੋ**, ਮੁਸ਼ਕਲ ਹੈ। ਯੂਨਾਨੀ ਵਿਚ ਇਸ ਦਾ ਅਨੁਵਾਦ ਜ਼ਿਆਦਾ ਜਥਾਰਥ ਤਰੀਕੇ ਨਾਲ ਕੀਤਾ ਗਿਆ ਹੈ ਜਿਸ ਵਿਚ ਅਸੀਂ ਪੜ੍ਹਦੇ ਹਾਂ ਕਿ "ਉਨ੍ਹਾਂ ਦੇ ਡਰ ਤੋਂ ਨਾ ਡਰੋ।" NRSV ਅਤੇ NIV ਬਾਈਬਲ ਦਾ ਅਨੁਵਾਦ "ਜਿਸ ਚੀਜ਼ ਤੋਂ ਉਹ ਡਰਦੇ ਹਨ ਤੁਸੀਂ ਨਾ ਡਰੋ," NASB ਨਾਲੋਂ ਕਾਫ਼ੀ ਵੱਖਰਾ ਹੈ। ਲੱਗਦਾ ਹੈ ਕਿ ਪਤਰਸ ਨੇ ਯਸਾਯਾਹ 8:12 ਦੇ ਆਖ਼ਰੀ ਸ਼ਬਦਾਂ ਨੂੰ ਅਪਨਾਇਆ ਹੈ। ਯਸਾਯਾਹ ਨਹੀਂ ਸੀ ਚਾਹੁੰਦਾ ਕਿ ਇਸਰਾਏਲ ਉਸ ਤੋਂ ਡਰੇ ਜਿਸ ਤੋਂ ਉਸ ਦੇ ਆਲੇ-ਦੁਆਲੇ ਦੀਆਂ ਕੌਮਾਂ ਡਰਦੀਆਂ ਸਨ, ਇਸ ਤਰ੍ਹਾਂ ਇਹ NRSV ਅਤੇ NIV ਬਾਈਬਲ ਦੇ ਅਨੁਵਾਦ ਦਾ ਸਮਰਥਨ ਕਰ ਰਿਹਾ ਹੈ। ਫਿਰ ਵੀ, ਉਨ੍ਹਾਂ ਦੇ ਵਹਿਮਾ ਭਰਮਾਂ ਅਤੇ ਦੇਵੀ ਦੇਵਤਿਆਂ ਤੋਂ ਨਾ ਡਰਨ ਦੀ ਨਸੀਹਤ ਜਿਨ੍ਹਾਂ ਨੂੰ ਤੋਂ ਗੈਰ-ਵਿਸ਼ਵਾਸੀ ਡਰਦੇ ਸਨ ਪਤਰਸ ਦੇ ਵਿਚਾਰ ਵਿਚ ਬੜੇ ਹੀ ਅਟਪਟੇ ਢੰਗ ਨਾਲ ਫਿੱਟ ਬੈਠਦੀ ਹੈ। ਇਸ ਆਇਤ ਦਾ ਅਨੁਵਾਦ ਕਰਨ ਦਾ ਇਕ ਹੋਰ ਤਰੀਕਾ ਹੈ ਜੋ ਆਮ ਤੌਰ ਤੇ ਜਥਾਰਥ ਜਾਪਦਾ ਹੈ: "ਉਨ੍ਹਾਂ ਦੇ ਡਰ ਤੋਂ ਨਾ ਡਰੋ," ਜੋ ਕਿ ਇਹ ਕਹਿਣ ਦਾ ਇਕ ਹੋਰ ਤਰੀਕਾ ਹੈ, "ਉਨ੍ਹਾਂ ਤੋਂ ਨਾ ਡਰੋ।" ਇਹ ਵਿਆਖਿਆ NASB ਦੇ ਅਨੁਵਾਦ ਦੇ ਪਿੱਛੇ ਹੈ। ਸੰਦਰਭ NASB ਦੇ ਸ਼ਬਦਾਂ ਨੂੰ ਜਿਆਦਾ ਬਿਹਤਰ ਸਮਝਦਾ ਹੈ। ਧੰਨ ਹੋਣਾ ਜਿਸ ਦਾ ਮਸੀਹੀ ਲੋਕ ਅਨੰਦ ਮਾਣਦੇ ਹਨ ਭਰੋਸਾ ਅਤੇ ਸ਼ਾਂਤੀ ਦਿੰਦਾ ਹੈ ਤਾਂ ਕਿ ਉਹ ਨਾ **ਘਬਰਾਉਣ** ਜਦੋਂ ਡਰ ਆਉਂਦਾ ਹੈ।

**ਆਇਤ 15.** ਮਸੀਹੀ ਹੋਣ ਦਾ ਅਰਥ ਇਹ ਹੈ ਕਿ ਇਸ ਤੋਂ ਪਹਿਲਾਂ ਕਿ ਕੋਈ ਪੁੱਛੇ, "ਬਾਈਬਲ ਕੀ ਸਿਖਾਉਂਦੀ ਹੈ?" ਉਸ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ "ਯਿਸੂ ਨੇ ਕੀ ਸਿਖਾਇਆ ਸੀ?" ਇਸ ਤੋਂ ਪਹਿਲਾਂ ਕਿ ਉਹ ਇਹ ਪੁੱਛੇ, "ਯਿਸੂ ਨੇ ਕੀ ਸਿਖਾਇਆ ਸੀ?" ਉਸ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ "ਯਿਸੂ ਕੌਣ ਸੀ?" ਇਸ ਤੋਂ ਪਹਿਲਾਂ ਕਿ ਉਹ ਇਹ ਪੁੱਛੇ, "ਯਿਸੂ ਕੌਣ ਸੀ?" ਉਸ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ "ਯਿਸੂ ਕੌਣ ਹੈ?" ਪਤਰਸ ਪਹਿਲਾਂ ਤੋਂ ਹੀ ਇਹ ਪੁੱਛ ਚੁੱਕਾ ਸੀ ਅਤੇ ਉਸ ਨੇ ਆਖ਼ਰੀ ਸਵਾਲ ਦਾ ਜਵਾਬ ਦੇ ਦਿੱਤਾ ਸੀ ਜਦੋਂ ਉਸ ਨੇ ਕਿਹਾ ਮਸੀਹ ਨੂੰ **ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ**। ਮਸੀਹੀ ਨਿਹਚਾ ਯਿਸੂ ਨਾਸਰੀ ਦੇ ਵਿਅਕਤਿਤਵ ਤੇ ਉਸਰੀ ਹੋਈ ਹੈ। ਪਤਰਸ ਲਈ, ਯਿਸੂ ਨਾਸਰੀ ਅਤੇ ਮਸੀਹ ਪ੍ਰਭੂ ਇੱਕੋ ਹੀ ਸਨ। ਉਹ ਇਤਹਾਸਕ ਗੁਰੂ ਸੀ ਜਿਸ ਨੂੰ ਪੰਤਿਯੁਸ ਪਿਲਾਤੁਸ ਨੇ ਸਲੀਬ ਦਿੱਤਾ ਅਤੇ ਉਹ ਪ੍ਰਭੂ ਹੈ ਜਿਹੜਾ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੋ ਕੇ ਰਾਜ ਕਰਦਾ ਹੈ। ਅਬਰਾਹਾਮ ਤੋਂ ਭਿੰਨ (ਰੋਮੀਆਂ 4:1–5), ਯਿਸੂ ਨਾ ਕੇਵਲ ਨਿਹਚਾ ਦਾ ਨਮੂਨਾ ਹੈ; ਉਹ ਨਿਹਚਾ ਦਾ ਪਾਤਰ ਹੈ। ਉਹ ਪ੍ਰਭੂ, ਮਸੀਹ ਅਤੇ ਪਰਮੇਸ਼ੁਰ ਹੈ। "ਮਸੀਹ ਨੂੰ ਪ੍ਰਭੂ ਕਰਕੇ ਮੰਨਣਾ" ਉਸ ਨੂੰ ਆਪਣੇ ਅੰਦਰਲੇ ਇਨਸਾਨ ਵਿਚ ਪਵਿੱਤਰ ਮੰਨਣਾ ਹੈ; ਇਹ ਉਸ ਨੂੰ ਆਪਣੀ ਆਗਿਆਕਾਰੀ ਅਤੇ ਪ੍ਰੇਮ ਦੇਣਾ ਹੈ। ਪਰਮੇਸ਼ੁਰ ਵਰਗਾ ਵਿਹਾਰ ਪਤਰਸ ਦੇ ਮਨ ਵਿਚ ਹਾਲੇ ਵੀ ਸਭ ਤੋਂ ਪ੍ਰਮੁੱਖ ਗੱਲ ਸੀ। ਸਗੋਂ ਦੁਖ, ਜਦੋਂ ਇਹ "ਧਾਰਮਿਕਤਾ ਦੇ ਕਾਰਨ" ਹੁੰਦੇ ਹਨ ਉਨ੍ਹਾਂ ਲੋਕਾਂ ਵੱਲੋਂ ਡਰ ਨੂੰ ਨਹੀਂ ਜਗਾਉਂਦੇ ਜਿਹੜੇ ਸਾਨੂੰ ਡਰਾਉਂਦੇ ਹਨ; ਬਜਾਇ ਇਸ ਦੇ, ਇਹ "ਮਸੀਹ ਨੂੰ ਆਪਣਾ ਪ੍ਰਭੂ ਮੰਨ ਕੇ" ਇਕ ਨਵੇਂ ਸਮਰਪਣ ਦੀ ਮੰਗ ਕਰਦੇ ਹਨ।

ਦੁਖ ਪ੍ਰਤੀ ਜਵਾਬ ਦੋ ਪੱਧਰਾਂ ਤੇ ਆਉਂਦਾ ਹੈ। ਪਹਿਲਾ, ਦੁਖ ਝੱਲਣ ਵਾਲੇ ਨੂੰ ਇਹ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਮਸੀਹ ਦੇ ਪ੍ਰਤੀ ਉਸ ਦਾ ਜਵਾਬ ਕੀ ਹੋਵੇਗਾ। ਪਤਰਸ ਨੇ ਕਿਹਾ ਕਿ

ਦੁਖ ਝੱਲਣ ਵਾਲੇ ਨੇ “ਮਸੀਹ ਨੂੰ ਪਵਿੱਤਰ ਮੰਨਣਾ” ਸੀ। ਦੁਖ ਝੱਲਣ ਵਾਲਾ ਇਹ ਉਦੋਂ ਕਰਦਾ ਹੈ ਜਦੋਂ ਉਹ ਧਾਰਮਿਕਤਾ ਵਾਲਾ ਜੀਵਨ ਜੀਉਣ ਲਈ ਆਪਣੇ ਸੰਕਲਪ ਨੂੰ ਨਵਾਂ ਕਰਦਾ ਹੈ। ਦੂਜਾ, ਦੁਖ ਝੱਲਣ ਵਾਲੇ ਨੂੰ ਇਹ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਦੁਖ ਦੇਣ ਵਾਲਿਆਂ ਦੇ ਪ੍ਰਤੀ ਉਸ ਦਾ ਜਵਾਬ ਕੀ ਹੋਵੇਗਾ। ਨਕਾਰਾਤਮਕ ਤੌਰ ਤੇ, ਉਸ ਨੇ “ਬੁਰਿਆਈ ਦੇ ਬਦਲੇ ਬੁਰਿਆਈ ਨਹੀਂ ਕਰਨੀ ਜਾਂ ਗਾਲ ਦੇ ਬਦਲੇ ਗਾਲ ਨਹੀਂ ਕੱਢਣੀ” (3:9), ਨਾ ਹੀ ਉਸ ਨੇ ਡਰਨਾ ਹੈ, ਪਰ ਇਕ ਸਕਾਰਾਤਮਕ ਜਵਾਬ ਵੀ ਹੈ। ਉਸ ਨੇ **ਜਿਹੜਾ ਉਹ ਦਾ ਕਾਰਨ ਪੁੱਛੇ ਉੱਤਰ ਦੇਣ ਨੂੰ ਸਦਾ ਤਿਆਰ ਰਹਿਣਾ ਹੈ**। ਉਲਝਣ ਇਹ ਹੈ ਕਿ ਜਦੋਂ ਦੁਖ ਦੇਣ ਵਾਲੇ ਮਸੀਹੀ ਲੋਕਾਂ ਦੇ ਉਨ੍ਹਾਂ ਗਲਤੀਆਂ ਲਈ ਜੋ ਉਨ੍ਹਾਂ ਨੇ ਨਹੀਂ ਕੀਤੀਆਂ ਹਨ ਦੁਖ ਝੱਲਣ ਦੇ ਸੰਕਲਪ ਅਤੇ ਅਨੰਦ ਨੂੰ ਵੇਖਣਗੇ ਤਾਂ ਉਨ੍ਹਾਂ ਅੰਦਰ ਦਿਲਚਸਪੀ ਪੈਦਾ ਹੋਵੇਗੀ। ਉਹ ਸੰਭਵ ਤੌਰ ਤੇ ਮਸੀਹੀ ਵਿਅਕਤੀ ਨੂੰ ਉਸ ਪ੍ਰਭੂ ਬਾਰੇ ਜਿਸ ਦੀ ਉਹ ਸੇਵਾ ਕਰਦਾ ਹੈ, ਉਸ ਸੰਗਤੀ ਦੇ ਬਾਰੇ ਜਿੱਥੇ ਉਹ ਜਾਂਦਾ ਹੈ ਅਤੇ ਉਸ ਆਸ ਬਾਰੇ ਪੁੱਛਣਗੇ ਜਿਸ ਦਾ ਉਹ ਅਨੰਦ ਮਾਣਦਾ ਹੈ।

ਵਿਸ਼ਵਾਸੀ ਨੇ ਆਪਣੇ ਬਚਾਅ ਵਿਚ ਕਿਸੇ ਨੂੰ ਵੀ ਉੱਤਰ ਦੇਣ ਲਈ ਤਿਆਰ ਰਹਿਣਾ ਹੈ ਜਿਹੜਾ ਉਸ ਨੂੰ **ਉਸ ਦੀ ਆਸ ਦੇ ਲਈ** ਜੋ ਉਸ ਦੇ ਕੋਲ ਹੈ ਉਸ ਦਾ ਕਾਰਨ ਪੁੱਛੇ, ਅਰਥਾਤ, ਉਸ ਨੇ ਇਹ ਸਮਝਾਉਣ ਦੇ ਲਈ ਤਿਆਰ ਰਹਿਣਾ ਹੈ ਕਿ ਉਹ ਕੀ ਵਿਸ਼ਵਾਸ ਕਰਦਾ ਹੈ, ਉਹ ਕਿਉਂ ਵਿਸ਼ਵਾਸ ਕਰਦਾ ਹੈ ਅਤੇ ਉਹ ਤਰ੍ਹਾਂ ਕਿਉਂ ਜੀਵਨ ਜੀਉਂਦਾ ਹੈ ਜਿਸ ਤਰ੍ਹਾਂ ਉਹ ਜੀ ਰਿਹਾ ਹੈ। ਮੁੱਦੇ ਦਾ “ਉੱਤਰ” ਕਾਨੂੰਨ ਦੀ ਅਦਾਲਤ ਵਿਚ ਨਹੀਂ ਹੈ; ਬਲਕਿ ਇਹ “ਉਸ ਦੇ ਪ੍ਰਤੀ ਹੈ ਜਿਹੜਾ ਉਸ ਨੂੰ ਪੁੱਛਦਾ ਹੈ।” ਪਤਰਸ ਨੇ ਉਸੇ ਤਰ੍ਹਾਂ ਗੈਰ-ਰਸਮੀ ਢੰਗ ਨਾਲ “ਉੱਤਰ” (ἀπολογία, *ਅਪੋਲੋਜੀਆ*) ਸ਼ਬਦ ਦੀ ਵਰਤੋਂ ਕੀਤੀ ਜਿਵੇਂ ਕਈ ਵਾਰ ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਸੀ, ਉਦਾਹਰਣ ਦੇ ਲਈ, “ਉਨ੍ਹਾਂ ਨੂੰ ਜਿਹੜੇ ਮੇਰੀ ਜਾਚ ਕਰਦੇ ਹਨ ਇਹੋ ਮੇਰਾ ਉੱਤਰ ਹੈ” (1 ਕੁਰਿੰਥੀਆਂ 9:3)। ਹਾਲਾਂਕਿ ਇਹ ਸ਼ਬਦ ਕਾਨੂੰਨੀ ਅਦਾਲਤ ਵਿਚ ਕਾਰਵਾਈਆਂ ਦਾ ਹਵਾਲਾ ਦੇ ਸਕਦਾ ਹੈ, ਇਸ ਸਥਿਤੀ ਵਿਚ “ਉੱਤਰ” ਦਾ ਸਰਲ ਰੂਪ ਵਿਚ ਅਰਥ ਵਿਆਖਿਆ ਹੈ। “ਲੇਖਾ ਦੇਣਾ” ਇਕੱਲੇ ਯੂਨਾਨੀ ਸ਼ਬਦ λόγος (*ਲੋਗੋਸ*) ਦਾ ਅਨੁਵਾਦ ਕਰਦਾ ਹੈ, ਇਕ ਅਜਿਹਾ ਸ਼ਬਦ ਜਿਸ ਦਾ ਅਰਥ ਤਰਕ ਹੁੰਦਾ ਹੈ। ਪਤਰਸ ਨੇ ਕਲਪਨਾ ਕੀਤੀ ਸੀ ਕਿ ਮਸੀਹੀ “ਆਸ” ਦੀ ਤਰਕ ਵਾਲੀ ਵਿਆਖਿਆ ਕਈਆਂ ਨੂੰ ਯਕੀਨ ਦਿਵਾਏਗੀ ਅਤੇ ਕਈਆਂ ਨੂੰ ਚੁੱਪ ਕਰਾਵੇਗੀ। ਕਿਸੇ ਨੂੰ ਇਹ ਚੇਤੇ ਕਰਾਇਆ ਗਿਆ ਹੈ ਕਿ ਖਾਲਸ ਦੁੱਧ ਜਿਸ ਨੂੰ ਮਸੀਹੀ ਲੋਕ ਲੋਚਦੇ ਸਨ ਵਾਜਬ ਜਾਂ ਤਰਕਸ਼ੀਲ ਦੁੱਧ ਸੀ (2:2)।

ਰਸੂਲ ਨੇ ਨਾ ਸਿਰਫ ਮਸੀਹੀ ਉੱਤਰ ਦੇ ਮਸਲੇ ਨੂੰ ਸੰਬੋਧਿਤ ਕੀਤਾ, ਪਰ ਇਸ ਦੇ ਤਰੀਕੇ ਨੂੰ ਵੀ। ਜਦੋਂ ਦੋਸ਼ ਲਾਉਣ ਵਾਲੇ ਅਤੇ ਸਤਾਉਣ ਵਾਲੇ ਉਸ ਨੂੰ ਕਾਰਨ ਪੁੱਛਦੇ ਹਨ ਤਾਂ ਮਸੀਹੀ ਵਿਅਕਤੀ ਨੇ **ਨਰਮਾਈ ਅਤੇ ਭੈ ਨਾਲ** ਉੱਤਰ ਦੇਣਾ ਹੈ। ਅਨੁਵਾਦ ਕੀਤੇ ਗਏ ਸ਼ਬਦ “ਭੈ” φόβος (*ਫੋਬੋਸ*) ਦਾ ਅਨੁਵਾਦ ਅਕਸਰ “ਡਰ” ਕੀਤਾ ਗਿਆ ਸੀ। NIV ਬਾਈਬਲ ਵਿਚ “ਨਰਮਾਈ ਅਤੇ ਆਦਰ” ਹੈ। ਉਸੇ ਤਰ੍ਹਾਂ, ਪੌਲੁਸ ਨੇ ਵਿਸ਼ਵਾਸੀਆਂ ਨੂੰ “ਪ੍ਰੇਮ ਨਾਲ ਸੱਚ” ਬੋਲਣ ਦੀ ਬੇਨਤੀ ਕੀਤੀ (ਅਫ਼ਸੀਆਂ 4:15)। ਪੌਲੁਸ ਦੀ ਮੁੱਖ ਚਿੰਤਾ ਉਸ ਨਜ਼ਰੀਏ ਬਾਰੇ ਸੀ ਜੋ ਵਿਸ਼ਵਾਸੀਆਂ ਨੇ “ਸਿੱਖਿਆ ਦੇ ਹਰੇਕ ਬੁੱਲੇ ਨਾਲ” ਐਧਰ ਉੱਧਰ ਡੋਲਦੇ ਫਿਰਨ ਦੇ ਖ਼ਤਰੇ ਪ੍ਰਤੀ ਅਪਨਾਇਆ ਸੀ (ਅਫ਼ਸੀਆਂ 4:14) ਅਤੇ ਪਤਰਸ ਦਾ ਨਜ਼ਰੀਆ ਇਹ ਸੀ ਕਿ ਵਿਸ਼ਵਾਸੀਆਂ ਨੇ ਗੈਰ-ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਪ੍ਰਤੀ ਸਨਮਾਨ ਅਤੇ ਪਰਮੇਸ਼ੁਰ ਦੇ ਪ੍ਰਤੀ ਆਦਰ ਨਾਲ ਸੰਬੋਧਿਤ ਕੀਤਾ ਸੀ। ਦੋਹਾਂ ਨੇ ਉਲਟ ਵਿਚਾਰਾਂ ਵਾਲੇ ਲੋਕਾਂ ਨਾਲ ਸੰਜਮ,

ਨਰਮਾਈ ਅਤੇ ਸਦਭਾਵਨਾ ਨਾਲ ਪੇਸ਼ ਆਉਣ ਦੀ ਬੇਨਤੀ ਕੀਤੀ ਸੀ। ਸੱਚ ਬੋਲਣਾ ਜਾਂ ਸਗੋਂ ਉੱਤਰ ਦੇਣਾ ਹੀ ਕਾਫੀ ਨਹੀਂ ਹੈ। ਬੋਲਣ ਦਾ ਤਰੀਕਾ ਵੀ ਅਕਸਰ ਗੱਲ ਜਿੰਨਾ ਹੀ ਮਹੱਤਵਪੂਣ ਹੁੰਦਾ ਹੈ।

**ਆਇਤ 16.** NASB ਬਾਈਬਲ ਦਾ ਵਿਸ਼ਰਾਮ ਚਿੰਨ੍ਹ "ਨਰਮਾਈ ਅਤੇ ਭੈ ਨਾਲ" ਨੂੰ ਕਿਰਿਆ ਵਿਸ਼ੇਸ਼ਣ ਵਾਕ ਬਣਨ ਦਿੰਦਾ ਹੈ ਜੋ "ਉੱਤਰ ਦੇਣ" ਵਿਚ ਸੁਧਾਰ ਕਰਦਾ ਹੈ, ਅਰਥਾਤ, ਕਿਸੇ ਨੇ ਆਪਣੀ ਨਿਹਚਾ ਦੀ ਨਰਮ ਅਤੇ ਆਦਰਮਈ ਢੰਗ ਨਾਲ ਵਿਆਖਿਆ ਕਰਨੀ ਹੈ। NASB, NRSV, NIV, REB ਅਤੇ ਹੋਰ ਅਨੁਵਾਦ ਵੀ ਇਸੇ ਤਰ੍ਹਾਂ ਹੀ ਕਰਦੇ ਹਨ। ਫਿਰ ਵੀ, ਇਸ ਵਾਕ ਨੂੰ ਵੱਖਰੇ ਢੰਗ ਨਾਲ ਬਣਾਇਆ ਜਾ ਸਕਦਾ ਹੈ। ਸ਼ਾਇਦ ਪਤਰਸ ਆਪਣੇ ਪਾਠਕਾਂ ਨੂੰ ਇਹ ਸਮਝਾ ਰਿਹਾ ਸੀ ਕਿ "ਉੱਤਰ" ਦੇਣਾ ਉਨ੍ਹਾਂ ਵਿਚ "ਆਸ" ਦਾ ਮਸੀਹ ਦੇ ਪ੍ਰਤੀ ਇਕ ਨਰਮ ਅਤੇ ਆਦਰ ਵਾਲਾ ਰਵੱਈਆ ਸੀ। ਉਹ ਸੰਭਵ ਹੈ, ਪਰ ਇਹ ਅਸੰਭਵ ਹੈ। ਰਸੂਲ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਸਤਾਉਣ ਵਾਲਿਆਂ ਦੇ ਪ੍ਰਤੀ ਪਰਮੇਸ਼ੁਰ ਵਾਲੇ ਤਰੀਕੇ ਨਾਲ ਵਿਹਾਰ ਕਰਨ ਦੇ ਲਈ ਉਤਸ਼ਾਹਿਤ ਕਰ ਰਿਹਾ ਸੀ। ਬੁਰਿਆਈ ਦੇ ਬਦਲੇ ਬੁਰਿਆਈ ਕਰਨ ਦੀ ਬਜਾਇ, ਉਨ੍ਹਾਂ ਨੇ ਅਸੀਸ ਦੇਣੀ ਸੀ (3:9)। ਪਤਰਸ ਦੀ ਸਲਾਹ ਨੂੰ ਬੇਇੱਜ਼ਤੀ ਦੇ ਬਦਲੇ ਅਸੀਸਾਂ ਦੇਣ ਦੇ ਵਿਸਤਾਰ ਵਜੋਂ ਲੈਣਾ ਬਿਹਤਰ ਹੈ, ਉਸ ਦੇ ਪਾਠਕਾਂ ਨੇ ਉਸ "ਆਸ" ਦੀ ਵਿਆਖਿਆ ਕਰਨੀ ਸੀ ਜੋ ਉਨ੍ਹਾਂ ਵਿਚ ਸੀ ਜਿਸ ਦਾ ਜਵਾਬ ਦੇਣ ਲਈ ਉਨ੍ਹਾਂ ਕੋਲੋਂ ਨਰਮਾਈ ਅਤੇ ਭੈ ਨਾਲ ਉੱਤਰ ਦੇਣ ਦੀ ਉਮੀਦ ਕੀਤੀ ਗਈ ਸੀ ਜਿਨ੍ਹਾਂ ਦੇ ਅੰਦਰ ਆਪਣੇ ਸਤਾਉਣ ਵਾਲਿਆਂ ਦੇ ਪ੍ਰਤੀ ਕੋਈ ਬੁਰੀ ਭਾਵਨਾ ਨਹੀਂ ਸੀ।

ਪਤਰਸ ਨੇ ਤਿੰਨ ਵਾਰ **ਅੰਤਹਕਰਨ** (συνείδησις, *ਸੁਨੇਡੇਸਿਸ*) ਸ਼ਬਦ ਵਰਤਿਆ (2:19; 3:16, 21)। ਇਹ ਪੌਲੁਸ ਦੀਆਂ ਪੱਤ੍ਰੀਆਂ ਵਿਚ ਇਕ ਆਮ ਸ਼ਬਦ ਹੈ।[12] ਪੱਛਮੀ ਸੱਭਿਆਚਾਰ ਦੇ ਕੱਟੜ ਵਿਅਕਤੀਗਤਵਾਦ "ਅੰਤਹਕਰਨ" ਦੀ ਸਮਝ ਨੂੰ ਨਿਰਾ ਨਿੱਜੀ ਸ਼ਬਦਾਂ ਵੱਲ ਲੈ ਗਿਆ ਹੈ। ਇਹ ਅੰਦਰ ਦੀ ਅਵਾਜ਼ ਹੈ ਜੋ ਕਿਸੇ ਦੇ ਕੰਮਾਂ ਨੂੰ ਦੋਸ਼ੀ ਠਹਿਰਾਉਂਦੀ ਜਾਂ ਪ੍ਰਵਾਨਗੀ ਦਿੰਦੀ ਹੈ। ਉਸ "ਅੰਤਹਕਰਨ" ਵਿਚ ਪ੍ਰਸਿੱਧ ਪੱਛਮੀ ਵਰਤੋਂ ਦੇ ਲਈ ਯੂਨਾਨੀ ਧਾਰਣਾ ਇਕ ਨਿੱਜੀ ਜਾਗਰੁਕਤਾ ਦੇ ਬਰਾਬਰ ਹੈ। ਫ਼ਰਕ ਇਹ ਹੈ ਕਿ ਪੁਰਾਣੇ ਜ਼ਮਾਨੇ ਦੇ ਲੋਕ ਦੂਜਿਆਂ ਨਾਲ ਸੰਬੰਧ ਵਿਚ ਇਸ ਨੂੰ ਨਿੱਜੀ ਜਾਗਰੁਕਤਾ ਸਮਝਦੇ ਸਨ। ਇਹ ਵਿਅਕਤੀ ਦਾ ਬੋਧ ਹੁੰਦਾ ਸੀ ਕਿ ਉਹ ਦੂਜਿਆਂ ਨੂੰ ਕਿਵੇਂ ਪ੍ਰਵਾਨ ਕਰਦਾ ਜਾਂ ਅਪ੍ਰਵਾਨ ਕਰਦਾ ਸੀ। ਸ਼ੁੱਧ "ਅੰਤਹਕਰਨ" ਆਪਣੇ ਆਪ ਨੂੰ ਇਸ ਤਰ੍ਹਾਂ ਸੰਚਾਲਤ ਕਰਨਾ ਸੀ ਕਿ ਵਿਅਕਤੀ ਪਰਮੇਸ਼ੁਰ ਅਤੇ ਆਪਣੇ ਸਾਥੀਆਂ ਕੋਲੋਂ ਉਨ੍ਹਾਂ ਦੇ ਮੁਆਫਕ ਨਿਆਂ ਕਰਨ ਦੀ ਉਮੀਦ ਕਰਦਾ ਸੀ। "ਅੰਤਹਕਰਨ" ਦੇ ਨੈਤਿਕ ਆਯਾਮ ਪਰਮੇਸ਼ੁਰ ਅਤੇ ਦੂਜਿਆਂ ਨਾਲ ਬਣਦੇ ਅਤੇ ਮੌਜੂਦ ਰਹਿੰਦੇ ਹਨ। ਨੈਤਿਕ ਜਾਗਰੁਕਤਾ ਵਜੋਂ "ਅੰਤਹਕਰਨ" ਦੀ ਧਾਰਣਾ ਜੋ ਵਿਅਕਤੀ ਵਿਚ *ਐਕਸ ਨੀਹੀਲੋ* ("ਕਿਸੇ ਵੀ ਚੀਜ਼ ਵਿੱਚੋਂ ਨਹੀਂ") ਵਿੱਚੋਂ ਪੈਦਾ ਹੁੰਦੀ ਹੈ ਪਤਰਸ ਦੇ ਲਈ ਓਪਰੀ ਸੀ। ਰਸੂਲ ਉੱਨਾ ਜ਼ਿਆਦਾ ਇਹ ਨਹੀਂ ਸੀ ਕਹਿ ਰਿਹਾ ਕਿ ਵਿਸ਼ਵਾਸੀ ਕੋਲ ਆਪਣੇ ਦੋਸ਼ ਲਾਉਣ ਵਾਲਿਆਂ ਨੂੰ ਸ਼ਰਮਿੰਦਾ ਕਰਨ ਦੇ ਉਦੇਸ਼ਾਂ ਲਈ "ਸ਼ੁੱਧ ਅੰਤਹਕਰਨ" ਹੋਣਾ ਚਾਹੀਦਾ ਹੈ ਜਿੰਨਾ ਕਿ ਉਹ ਇਹ ਪੁਸ਼ਟੀ ਕਰ ਰਿਹਾ ਸੀ ਕਿ "ਚੰਗੇ ਅੰਤਹਕਰਨ" ਦਾ ਨਤੀਜਾ ਉਨ੍ਹਾਂ ਦੀ ਸ਼ਰਮਿੰਦਗੀ ਹੈ।[13]

ਵਿਸ਼ਵਾਸੀ ਦਾ "ਸ਼ੁੱਧ ਅੰਤਹਕਰਨ" ਉਸ ਦਾ ਸਮਰਥਨ ਕਰਦਾ ਹੈ ਅਤੇ ਉਸ ਨੂੰ ਹਿੰਮਤ ਦਿੰਦਾ ਹੈ ਜਦੋਂ ਉਸ ਤੋਂ "ਉੱਤਰ" ਦੀ ਮੰਗ ਕੀਤੀ ਜਾਂਦੀ ਹੈ। ਉਹ ਜਾਣਦਾ ਹੈ ਕਿ ਉਸ ਦੇ ਵਿਰੁੱਧ

ਲਗਾਏ ਗਏ ਬੁਰੇ ਦੋਸ਼ ਝੂਠੀ ਤੋਹਮਤ ਤੋਂ ਵੱਧ ਕੇ ਨਹੀਂ ਹਨ। 1 ਪਤਰਸ 2:12 ਨਾਲ ਅਨੇਕ ਸ਼ਾਬਦਿਕ ਤੁਲਨਾਵਾਂ ਹਨ। ਰਸੂਲ ਨੇ ਪਰਾਈ ਕੌਮ ਦੀ ਬਦਨਾਮੀ ਦੇ ਸੁਭਾਅ ਦਾ ਕੋਈ ਸੰਕੇਤ ਨਹੀਂ ਦਿੱਤਾ ਜੋ ਮਸੀਹੀ ਲੋਕਾਂ ਵਿਰੁੱਧ ਸੀ, ਪਰ ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਜਿਵੇਂ-ਜਿਵੇਂ ਸਦੀਆਂ ਬੀਤਦੀਆਂ ਗਈਆਂ, ਮਸੀਹ ਦਾ ਮਾਸ ਅਤੇ ਲਹੂ ਜੋ ਕਿ ਪ੍ਰਭੂ ਭੋਜ ਨਾਲ ਜੁੜੇ ਹੋਏ ਸਨ ਆਦਮਖੋਰੀ ਦੇ ਦੋਸ਼ਾਂ ਵੱਲ ਲੈ ਗਏ। ਮਸੀਹੀ ਲੋਕਾਂ ਤੇ ਦੋਸ਼ ਲਾਇਆ ਗਿਆ ਕਿ ਉਹ ਆਪਣੀ ਸਭਾ ਦੌਰਾਨ ਰੰਗਰਲੀਆਂ ਮਨਾਉਂਦੇ ਹਨ। ਜ਼ਿਆਦਾ ਦਿਆਲਤਾ ਨਾਲ ਕਹੀਏ ਤਾਂ ਉਨ੍ਹਾਂ ਤੇ ਨਾਸਤਕਵਾਦ ਦਾ ਦੋਸ਼ ਲਾਇਆ ਗਿਆ ਸੀ ਕਿਉਂਕਿ ਉਹ ਉਨ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਨਹੀਂ ਸੀ ਕਰਦੇ ਜਿਨ੍ਹਾਂ ਦੀ ਪੂਜਾ ਹੋਰ ਲੋਕ ਕਰਦੇ ਸਨ। ਉਨ੍ਹਾਂ ਤੇ ਮਨੁੱਖਜਾਤੀ ਨੂੰ ਨਫਰਤ ਕਰਨ ਦਾ ਦੋਸ਼ ਲਾਇਆ ਜਾਂਦਾ ਸੀ ਕਿਉਂਕਿ ਉਹ ਉਨ੍ਹਾਂ ਜਨਤਕ ਉਤਸਵਾਂ ਵਿਚ ਹਿੱਸਾ ਲੈਣ ਤੋਂ ਮਨ੍ਹਾ ਕਰ ਦਿੰਦੇ ਸਨ ਜਿੱਥੇ ਦੇਵੀ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਅੱਗੇ ਬਲੀਆਂ ਚੜ੍ਹਾਈਆਂ ਜਾਂਦੀਆਂ ਸਨ। ਪਤਰਸ ਦੁਆਰਾ ਗਾਲਾਂ ਅਤੇ ਬਦਨਾਮੀ ਦਾ ਹਵਾਲਾ ਦੇਣਾ ਇਹ ਸੁਝਾਅ ਦਿੰਦਾ ਹੈ ਕਿ ਉਸ ਦੇ ਪਾਠਕਾਂ ਦੇ ਪਰਤਾਵਿਆਂ ਦਾ ਸੁਭਾਅ ਜ਼ਬਾਨੀ ਸੀ, ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਜੇਲ ਵਿਚ ਸੁੱਟਿਆ ਜਾ ਰਿਹਾ ਸੀ ਅਤੇ ਮਾਰਿਆ ਜਾ ਰਿਹਾ ਸੀ, ਘੱਟੋ-ਘੱਟ ਇਸ ਸਮੇਂ ਤਾਂ ਨਹੀਂ।

ਉਮੀਦ ਇਹ ਹੈ ਕਿ ਮਸੀਹੀ ਲੋਕਾਂ ਦਾ "ਚੰਗਾ ਵਿਹਾਰ" ਇੰਨਾ ਸਪੱਸ਼ਟ ਹੋਵੇਗਾ ਕਿ ਝੂਠੀ ਤੋਹਮਤ ਦੀ ਸ਼ਾਖ ਨਹੀਂ ਹੋਵੇਗੀ। ਜਦੋਂ ਉਨ੍ਹਾਂ ਕੋਲ "ਸ਼ੁੱਧ ਅੰਤਹਕਰਨ" ਹੋਵੇਗਾ ਤਾਂ ਨਤੀਜਾ ਇਹ ਹੋਵੇਗਾ ਕਿ **ਜਿਹੜੇ ਤੁਹਾਡੀ ਸ਼ੁਭ ਚਾਲ ਨੂੰ ਜੋ ਮਸੀਹ ਵਿੱਚ ਹੈ ਮੰਦਾ ਆਖਦੇ ਹਨ ਓਹ ਲੱਜਿਆਵਾਨ ਹੋਣ**। "ਅੰਤਹਕਰਨ" ਦੇ ਵਾਂਗ "ਲੱਜਿਆ" ਦੀ ਧਾਰਣਾ ਦਾ ਪੁਰਾਣੇ ਜ਼ਮਾਨੇ ਦੇ ਯੂਨਾਨੀ ਰੋਮੀ ਲੋਕਾਂ ਦੇ ਲਈ ਆਧੁਨਿਕ ਪੱਛਮੀ ਸਮਾਜ ਨਾਲੋਂ ਇਕ ਠੋਸ ਸਮਾਜਕ ਪਰਿਮਾਪ ਸੀ। "ਲੱਜਿਆ" ਪਸ਼ਚਾਤਾਪ ਅਤੇ ਸਵੈ-ਦੋਸ਼ ਦਾ ਅੰਦਰੂਨੀ ਗੁਣ ਨਹੀਂ ਸੀ। ਬਲਕਿ ਇਹ ਉਹ ਰਵੱਈਆ ਸੀ ਜੋ ਉਨ੍ਹਾਂ ਕੰਮਾਂ ਨੂੰ ਕਰਨ ਦੇ ਨਤੀਜੇ ਵਜੋਂ ਆਉਂਦਾ ਸੀ ਇਸ ਨੂੰ ਵਿਅਕਤੀ ਦੇ ਹਾਣੀਆਂ ਦੁਆਰਾ ਤੁੱਛ ਸਮਝਿਆ ਜਾਂਦਾ ਸੀ। "ਲੱਜਿਆ" ਤੋਂ ਮੁਕਤ ਹੋਣਾ "ਸ਼ੁੱਧ ਅੰਤਹਕਰਨ" ਰੱਖਣਾ ਸੀ। ਅਜਿਹੀ ਹਾਲਤ ਵਿਚ, ਕੋਈ ਵੀ ਵਿਅਕਤੀ ਆਪਣੇ ਸਾਥੀ ਨਾਗਰਿਕਾਂ ਦੀਆਂ ਨਜ਼ਰਾਂ ਵਿਚ ਉਸ ਦੇ ਚਾਲ-ਚਲਨ ਲਈ ਮਾਫ਼ੀ ਨਾਲ ਨਹੀਂ ਸੀ ਵੇਖਦਾ। ਜਿੰਨਾ ਜ਼ਿਆਦਾ ਗੈਰ-ਵਿਸ਼ਵਾਸੀ ਮਸੀਹੀ ਲੋਕਾਂ ਦੇ "ਮਸੀਹ ਵਿਚ ਚੰਗੇ ਵਿਹਾਰ" ਦਾ ਨਿਰੀਖਣ ਕਰਦੇ ਸਨ, ਉੱਨਾ ਜ਼ਿਆਦਾ ਉਹ ਉਨ੍ਹਾਂ ਦੇ ਆਪਣੇ ਕੰਮਾਂ ਬਾਰੇ ਜਾਗਰੂਕ ਹੁੰਦੇ ਸਨ, ਜਿਨ੍ਹਾਂ ਦਾ ਉਨ੍ਹਾਂ ਦੇ ਹਾਣੀਆਂ ਦੁਆਰਾ ਨਿਆਂ ਕੀਤਾ ਜਾਂਦਾ ਸੀ, ਲੱਜਿਆਵਾਨ ਸਨ। ਇਸ ਤਰੀਕੇ ਨਾਲ ਵਿਸ਼ਵਾਸੀਆਂ ਨੇ ਆਪਣੇ ਦੁਸ਼ਮਣਾਂ ਨੂੰ ਚੁੱਪ ਕਰਾਉਣਾ ਸੀ। ਬਦਲੇ ਵਿਚ ਉਨ੍ਹਾਂ ਦੀ ਬੇਇੱਜ਼ਤੀ ਕਰਨਾ ਜਿਨ੍ਹਾਂ ਨੇ ਉਨ੍ਹਾਂ ਦੇ ਚੰਗੇ ਨਾਮ ਨੂੰ ਬਦਨਾਮ ਕੀਤਾ ਸੀ ਉਸ ਨਮੂਨੇ ਉੱਤੇ ਨਹੀਂ ਸੀ ਚੱਲਣਾ ਜੋ ਯਿਸੂ ਛੱਡ ਕੇ ਗਿਆ ਸੀ (2:23)।

**ਆਇਤ 17.** ਪਤਰਸ ਖਰੇ ਵਿਹਾਰ ਨੂੰ, ਜੀਉਣ ਦੇ ਬੇਸ਼ਰਮ ਤਰੀਕੇ ਨੂੰ ਪਿੱਛੇ ਨਹੀਂ ਛੱਡੇਗਾ, ਉਹ ਆਪਣੇ ਪਾਠਕਾਂ ਤੋਂ ਇਸ ਦਾ ਵਿਖਾਵਾ ਕਰਨ ਦੀ ਉਮੀਦ ਕਰਦਾ ਸੀ। ਨਵੇਂ ਧਰਮ ਲਈ ਨਿਰਪੱਖ ਸੁਣਵਾਈ ਪ੍ਰਾਪਤ ਕਰਨਾ ਹਮੇਸ਼ਾ ਮੁਸ਼ਕਲ ਹੁੰਦਾ ਹੈ। ਸਮਾਜ ਵਿਚ ਛੋਟਾ-ਮੋਟਾ ਜੋ ਕੁਝ ਵੀ ਗਲਤ ਹੁੰਦਾ ਦੀ ਉਸ ਦਾ ਦੋਸ਼ ਨਵੇਂ ਧਰਮ ਦੇ ਪੈਰੋਕਾਰਾਂ ਤੇ ਲਾਇਆ ਜਾਂਦਾ ਸੀ। ਮਸੀਹੀ ਲੋਕ ਵੱਖਰੇ ਨਹੀਂ ਸਨ। ਪਤਰਸ ਚਿੰਤਤ ਸੀ ਕਿ ਉਹ ਵਿਸ਼ਵਾਸ ਨਾ ਕਰਨ ਵਾਲੇ ਸਮਾਜ ਨੂੰ ਉਨ੍ਹਾਂ ਨੂੰ ਅਸਲ ਬੁਰੇ ਵਰਤਾਓ ਲਈ ਸਤਾਉਣ ਦਾ ਕਦੇ ਮੌਕਾ ਨਾ

ਦੇਣ। ਉਸ ਨੇ ਕਿਹਾ ਕਿ **ਜੇ ਪਰਮੇਸ਼ੁਰ ਦੀ ਇੱਛਿਆ ਇਉਂ ਹੋਵੇ**, ਦੁਖ ਆ ਸਕਦਾ ਹੈ; ਪਰ ਉਹ ਨਹੀਂ ਸੀ ਚਾਹੁੰਦਾ ਕਿ ਬਦਨਾਮੀ ਵਿਚ ਸੱਚਾਈ ਦਾ ਕਦੇ ਇਕ ਛੋਟਾ ਜਿਹਾ ਟੁਕੜਾ ਵੀ ਹੋਵੇ। ਸਭ ਤੋਂ ਉੱਤਮ ਟਿੱਪਣੀ, "ਸਤਾਉਣ ਵਾਲਿਆਂ ਨੂੰ ਅਕਸਰ ਉਨ੍ਹਾਂ ਦੁਆਰਾ ਗੁੱਸਾ ਚੜ੍ਹਾਇਆ ਜਾਂਦਾ ਹੈ ਜਿਨ੍ਹਾਂ ਨੂੰ ਉਹ ਸਤਾਉਂਦੇ ਹਨ ਅਤੇ ਉਹ ਉਨ੍ਹਾਂ ਦੇ ਚੰਗੇ ਵਿਹਾਰ ਨਾਲ ਜਿੱਤੇ ਨਹੀਂ ਜਾਂਦੇ।"[14] ਉਹੋ ਜਿਹੀ ਹਾਲਤ ਵਿਚ, ਪਤਰਸ ਨੇ ਬੇਨਤੀ ਕੀਤੀ, ਤੁਹਾਡਾ "ਸ਼ੁੱਧ ਅੰਤਹਕਰਨ" ਇਸ ਗੱਲ ਦੀ ਸਾਖੀ ਦੇਵੇ ਕਿ **ਸ਼ੁਭ ਕਰਮ ਕਰਕੇ ਦੁਖ ਝੱਲਣਾ ਇਸ ਨਾਲੋਂ ਚੰਗਾ ਹੈ ਜੋ ਤੁਸੀਂ ਖੋਟੇ ਕਰਮ ਕਰਕੇ ਦੁਖ ਝੱਲੋ।**

ਜਦੋਂ ਇਹ ਆਇਤ ਵਿਸ਼ਵਾਸੀਆਂ ਕੋਲੋਂ "ਖੋਟੇ ਕੰਮ ਦੀ ਬਜਾਇ ਸ਼ੁਭ ਕਰਮ ਕਰਨ ਦੇ ਲਈ ਦੁਖ ਝੱਲਣ" ਦੀ ਮੰਗ ਕਰਦੀ ਹੈ, ਤਾਂ ਘੱਟੋ-ਘੱਟ ਦੋ ਸੰਭਵ ਅਰਥ ਹਨ। ਇਸ ਦਾ ਅਰਥ ਇਹ ਹੋ ਸਕਦਾ ਹੈ ਜਦੋਂ ਮਸੀਹੀ ਲੋਕ ਬਦਲਾ ਲੈਂਦੇ ਹਨ, ਸਗੋਂ ਜਦੋਂ ਉਨ੍ਹਾਂ ਦੇ ਕਸੂਰ ਵੀ ਅਸਲੀ ਹੁੰਦੇ ਹਨ, ਇਹ ਗੈਰ-ਵਿਸ਼ਵਾਸੀਆਂ ਨੂੰ ਵਧੇਰੇ ਸਤਾਓ ਦਾ ਮੌਕਾ ਦਿੰਦਾ ਹੈ (ਵੇਖੋ 2:20; 3:9)। ਬੁਰਿਆਈ ਦੇ ਬਦਲੇ ਬੁਰਿਆਈ ਕਰਨਾ ਗਲਤੀਆਂ ਇਕੱਠਾ ਕਰਨਾ ਹੈ। ਉਹੋ ਜਿਹੀ ਹਾਲਤ ਵਿਚ, ਖੋਟੇ ਕਰਮ ਦੇ ਲਈ ਦੁਖ ਝੱਲਣਾ ਬਿਹਤਰ ਹੈ, ਕੀ ਉਹ ਜ਼ਰੂਰੀ ਹੋਣਾ ਚਾਹੀਦਾ ਹੈ, ਬਦਲੇ ਤੋਂ ਬਿਨਾਂ। ਰਸੂਲ ਸ਼ਾਇਦ ਦੂਜੇ ਸ਼ਬਦਾਂ ਵਿਚ ਉਹੋ ਵਿਅਕਤ ਕਰ ਰਿਹਾ ਸੀ ਜੋ ਉਸ ਨੇ 2:12 ਵਿਚ ਕਿਹਾ ਸੀ: "ਪਰਾਈਆਂ ਕੌਮਾਂ ਵਿੱਚ ਆਪਣੀ ਚਾਲ ਨੇਕ ਰੱਖੋ।"

ਇਕ ਹੋਰ ਸੰਭਾਵਨਾ ਇਹ ਹੈ ਕਿ ਪਤਰਸ ਆਪਣੇ ਪਾਠਕਾਂ ਨੂੰ ਇਹ ਚਿਤਾਵਨੀ ਦੇ ਰਿਹਾ ਸੀ ਕਿ ਆਉਣ ਵਾਲੇ ਸੰਸਾਰ ਵਿਚ ਗਲਤ ਕੰਮ ਕਰਨ ਦੇ ਲਈ ਦੁਖ ਝੱਲਣ ਨਾਲੋਂ ਇਸ ਸੰਸਾਰ ਵਿਚ ਸਹੀ ਕੰਮ ਕਰਨ ਦੇ ਲਈ ਦੁਖ ਝੱਲਣਾ ਬਿਹਤਰ ਹੈ। ਬਾਅਦ ਵਾਲੀ ਵਿਆਖਿਆ ਜ਼ਿਆਦਾ ਆਕਰਸ਼ਕ ਹੈ ਕਿਉਂਕਿ ਪ੍ਰਭੂ ਦਾ ਦੁਬਾਰਾ ਆਉਣਾ ਪਤਰਸ ਦੇ ਮਨ ਤੋਂ ਕਦੇ ਦੂਰ ਨਹੀਂ ਸੀ ਜਿਵੇਂ ਕਿ ਉਸ ਨੇ ਇਸ ਪੱਤ੍ਰੀ ਵਿਚ ਲਿਖਿਆ ਸੀ।[15] ਉਨ੍ਹਾਂ ਵਿੱਚੋਂ ਚੁਣਨਾ ਮੁਸ਼ਕਲ ਹੈ, ਪਰ ਬਾਅਦ ਵਾਲੀ ਵਿਆਖਿਆ ਜ਼ਿਆਦਾ ਸੰਭਵ ਜਾਪਦੀ ਹੈ। ਰਸੂਲ ਇਸ ਬਾਰੇ ਚਿੰਤਤ ਸੀ ਕਿ ਉਸ ਦੇ ਪਾਠਕ ਜੀਉਣ ਦਾ ਇਕ ਅਜਿਹਾ ਤਰੀਕਾ ਪੇਸ਼ ਕਰਨ ਜੋ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਉੱਪਰ ਸੀ ਅਤੇ ਇਹ ਕਿ ਉਹ ਪਰਾਈਆਂ ਕੌਮਾਂ ਦੇ ਸਾਹਮਣੇ ਇਕ ਧਰਮੀ ਨਮੂਨਾ ਰੱਖਣ।

ਮਸੀਹੀ ਵਿਅਕਤੀ ਨੇ ਮਨੁੱਖਾਂ ਵੱਲੋਂ ਪ੍ਰਸ਼ੰਸਾ ਪ੍ਰਾਪਤ ਕਰਨ ਦੇ ਉਦੇਸ਼ ਲਈ ਧਾਰਮਿਕ ਵਿਖਾਵੇ (ਵੇਖੋ ਮੱਤੀ 6:1) ਅਤੇ ਯੋਗ ਚਿੰਤਾ ਕਿ ਸਾਰਿਆਂ ਦੇ ਸਾਹਮਣੇ ਉਸ ਦਾ ਵਿਹਾਰ ਖਰਾ ਹੈ ਵਿਚਕਾਰ ਇਕ ਸੁਚੱਜਾ ਸੰਤੁਲਨ ਬਰਕਰਾਰ ਰੱਖਣਾ ਹੈ। ਵਿਸ਼ਵਾਸੀ ਦੇ ਲਈ ਆਪਣੇ ਰੁਤਬੇ ਬਾਰੇ ਚਿੰਤਤ ਹੋਣਾ ਯੋਗ ਹੈ। ਜਿਵੇਂ ਕਿ ਇਕ ਯਹੂਦੀ ਵਿਦਵਾਨ ਨੇ ਲਿਖਿਆ ਹੈ, "ਆਪਣੇ ਨਾਮ ਤੇ ਵਿਚਾਰ ਕਰੋ; ਇਹ ਸੋਨੇ ਦੇ ਵੱਡੇ-ਵੱਡੇ ਹਜ਼ਾਰਾਂ ਜਖੀਰਿਆਂ ਨਾਲੋਂ ਵੀ ਜ਼ਿਆਦਾ ਦੇਰ ਤੱਕ ਜ਼ਿੰਦਾ ਰਹੇਗਾ।"[16]

## ਸਾਡੇ ਪਾਪਾਂ ਦੇ ਲਈ ਮਸੀਹ ਦੀ ਮੌਤ (3:18-22)

**18ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ। ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ। 19ਜਿਹ ਦੇ ਵਿੱਚ ਹੋ ਕੇ ਉਹ ਨੇ ਉਨ੍ਹਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਮਨਾਦੀ ਕੀਤੀ। 20ਜਿਹੜੇ**

**ਪਿੱਛਲੇ ਸਮੇਂ ਅਣਆਗਿਆਕਾਰੀ ਸਨ ਜਿਸ ਵੇਲੇ ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿੱਚ ਥੋੜੇ ਅਰਥਾਤ ਅੱਠ ਜਣੇ ਪਾਣੀ ਤੋਂ ਬਣ ਗਏ। [21]ਏਹ ਬਪਤਸਿਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ ਬਚਾਉਂਦਾ ਹੈ। ਏਹ ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ। [22]ਉਹ ਸੁਰਗ ਵਿੱਚ ਜਾ ਕੇ ਪਰਮੇਸ਼ੁਰ ਦੇ ਸੱਜੇ ਹੱਥ ਹੈ ਅਤੇ ਦੂਤ ਅਤੇ ਇਖਤਿਆਰ ਵਾਲੇ ਅਤੇ ਸ਼ਕਤੀ ਵਾਲੇ ਉਹ ਦੇ ਅਧੀਨ ਕੀਤੇ ਹੋਏ ਹਨ।**

ਪਾਪੀ ਮਨੁੱਖਜਾਤੀ ਦੇ ਪਾਪਾਂ ਲਈ ਯਿਸੂ ਦੇ ਦੂਜਿਆਂ ਦੀ ਥਾਂ ਝੱਲੇ ਗਏ ਦੁਖ ਦੇ ਸਿੱਧੇ ਅਤੇ ਸਪੱਸ਼ਟ ਕਥਨ ਦੇ ਨਾਲ, ਪਤਰਸ ਨੇ ਨਵੇਂ ਨੇਮ ਦੇ ਸਭ ਤੋਂ ਮੁਸ਼ਕਲ ਬੰਦ ਨਾਲ ਜਾਣ-ਪਛਾਣ ਕਰਵਾਈ। ਫਿਰ ਵੀ ਅਸੀਂ ਉਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਨੂੰ ਸਮਝਣਾ ਹੈ ਜੋ ਉਸ ਨੇ ਸਾਡੇ ਸਾਹਮਣੇ ਰੱਖੀਆਂ ਹਨ, ਉਸ ਦੇ ਸ਼ਬਦਾਂ ਦਾ ਸਮੁੱਚਾ ਪ੍ਰਭਾਵ ਸਪੱਸ਼ਟ ਹੈ। ਵਿਸ਼ਵਾਸੀ ਪਾਪ ਤੋਂ ਬਚਾਏ ਜਾਂਦੇ ਹਨ ਜਦੋਂ ਉਹ ਬਪਤਿਸਮਾ ਲੈਂਦੇ ਹਨ। ਬਚੇ ਹੋਏ ਵਿਅਕਤੀ ਵਜੋਂ, ਉਹ ਉਸ ਦੀਆਂ ਬਰਕਤਾਂ ਵਿਚ ਸਾਂਝੀ ਹੁੰਦੇ ਹਨ ਜਿਹੜੇ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਰਾਜ ਕਰਦਾ ਹੈ। ਉਹੋ ਮਸੀਹ ਜਿਹੜਾ ਆਪਣੇ ਲੋਕਾਂ ਨੂੰ ਬਚਾਉਣ ਲਈ ਸਲੀਬ ਉੱਤੇ ਮਰਿਆ ਸੀ ਹੁਣ ਸਾਰੀਆਂ ਸੁਰਗੀ ਸ਼ਕਤੀਆਂ ਸ਼ਕਤੀਆਂ ਅਤੇ ਦੁਨਿਆਵੀ ਸ਼ਕਤੀਆਂ ਤੇ ਰਾਜ ਕਰਦਾ ਹੈ। ਇਸ ਦੇ ਕਾਰਨ, ਜਿਹੜੇ ਇਸ ਪਲ ਦੁਖ ਝੱਲਦੇ ਹਨ ਅਨੰਦ ਕਰ ਸਕਦੇ ਹਨ।

**ਆਇਤ 18.** ਇਸ ਤਰ੍ਹਾਂ ਲੱਗਦਾ ਹੈ ਕਿ ਪਤਰਸ **ਮਸੀਹ** ਦੇ ਦੁਖ ਬਾਰੇ ਸੋਚਣ ਤੋਂ ਬਿਨਾਂ ਦੁਖ ਬਾਰੇ ਨਹੀਂ ਸੀ ਸੋਚ ਸਕਦਾ ਅਤੇ ਉਹ ਇਹ ਯਾਦ ਕੀਤੇ ਬਿਨਾਂ ਮਸੀਹ ਦੇ ਦੁਖ ਬਾਰੇ ਨਹੀਂ ਸੀ ਸੋਚ ਸਕਦਾ ਕਿ **ਪਾਪਾਂ ਦੇ ਲਈ ਵੀ ਮਰਿਆ ਸੀ**। 2:19, 20 ਵਿਚ ਗੁਲਾਮਾਂ ਦੇ ਦੁਖ ਵਿਚਾਰ ਦੀ ਉਸੇ ਕੜੀ ਵੱਲ ਲੈ ਜਾਂਦੇ ਹਨ। ਇਕ ਭਾਵ ਹੈ ਜਿਸ ਵਿਚ ਯਿਸੂ ਦੇ ਜੀਵਨ ਦੀ ਵਿਸ਼ੇਸ਼ਤਾ ਦਾ ਵਰਣਨ ਦੁਖ ਦੁਆਰਾ ਕੀਤਾ ਗਿਆ ਹੈ, ਪਰ ਇਹ ਮਨੁੱਖ ਦੇ ਪਾਪ ਲਈ ਉਸ ਦਾ ਦੁਖ ਹੈ ਜਿਸ ਨੇ ਪਤਰਸ ਅੰਦਰ ਦਿਲਚਸਪੀ ਪੈਦਾ ਕੀਤਾ। ਇਹ ਕਿ ਯਿਸੂ ਮਨੁੱਖਜਾਤੀ ਦੇ ਪਾਪਾਂ ਦੇ ਲਈ ਮਰਿਆ ਨਵੇਂ ਨੇਮ ਨਾਲ ਇਸ ਦਾ ਇਕ ਗਹਿਰਾ ਰਿਸ਼ਤਾ ਹੈ। ਪੌਲੁਸ ਨੇ ਇਸ ਨੂੰ ਅਰਥਪੂਰਣ ਢੰਗ ਨਾਲ ਵਿਅਕਤ ਕੀਤਾ: "ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ" (2 ਕੁਰਿੰਥੀਆਂ 5:21)।

2:21–25 ਵਿਚ, ਪਤਰਸ ਨੇ ਮਸੀਹ ਦੇ ਉਦਾਹਰਣ ਤੇ ਧਿਆਨ ਕੇਂਦਰਿਤ ਕੀਤਾ, ਪਰ ਉਸ ਦਾ ਉਦਾਹਰਣ ਇਸ ਆਇਤ ਵਿਚ ਕਿਸੇ ਮੁੱਦੇ ਨਾਲੋਂ ਘੱਟ ਹੈ। ਪਤਰਸ ਨੇ ਯਿਸੂ ਦੇ ਚੇਲਿਆਂ ਕੋਲੋਂ **ਇੱਕ ਵਾਰ ਪਾਪਾਂ ਦੇ ਪਿੱਛੇ** ਮਰਨ ਦੁਆਰਾ ਪ੍ਰਭੂ ਦੇ ਨਮੂਨੇ ਤੇ ਚੱਲਣ ਦੀ ਉਮੀਦ ਨਹੀਂ ਸੀ ਕੀਤੀ। ਯਿਸੂ ਦੇ ਚੇਲਿਆਂ ਤੋਂ ਜਿਨ੍ਹਾਂ ਦੁਖਾਂ ਦੀ ਵੀ ਮੰਗ ਕੀਤੀ ਗਈ ਸੀ, ਉਨ੍ਹਾਂ ਨੇ ਉਸ ਤਰ੍ਹਾਂ ਪਾਪਾਂ ਦੇ ਪਿੱਛੇ ਦੁਖ ਨਹੀਂ ਝੱਲਣਾ ਜਿਵੇਂ ਯਿਸੂ ਨੇ ਝੱਲਿਆ ਸੀ (2:24), ਨਾ ਹੀ ਉਹ **ਆਤਮਾ ਕਰਕੇ ਜਿਵਾਲੇ** ਜਾਣਗੇ। ਇਸ ਆਇਤ ਵਿਚ ਪਤਰਸ ਦਾ ਉਦੇਸ਼ ਉੱਨਾ ਜ਼ਿਆਦਾ ਇਹ ਨਹੀਂ ਸੀ ਕਿ ਉਹ ਆਪਣੇ ਪਾਠਕਾਂ ਨੂੰ ਚੇਤੇ ਕਰਾਉਣਾ ਚਾਹੁੰਦਾ ਸੀ ਕਿ ਯਿਸੂ ਉਨ੍ਹਾਂ ਨੂੰ ਵਿਖਾਉਣਾ ਚਾਹੁੰਦਾ ਸੀ ਕਿ ਕਿਵੇਂ ਦੁਖ ਝੱਲਣਾ ਹੈ ਜਿੰਨਾ ਕਿ ਇਹ ਸਿਖਾਉਣਾ ਸੀ ਕਿ ਯਿਸੂ **ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਉਣ** ਲਈ ਮਰਿਆ ਸੀ। ਯਿਸੂ ਸਭਨਾਂ ਦੇ ਲਈ ਇੱਕੋ

ਵਾਰ ਮਰਿਆ ਸੀ ਇਬਰਾਨੀਆਂ ਦੇ ਲੇਖਕ ਲਈ ਵਾਰ-ਵਾਰ ਆਉਣ ਵਾਲਾ ਵਿਸ਼ਾ ਹੈ (ਇਬਰਾਨੀਆਂ 7:27; 9:12, 26, 28; 10:10, 14)।

ਪਾਪ ਲਈ ਮਸੀਹ ਦੀ ਮੌਤ ਵਿਚ ਇਕ ਅਨੋਖਾਪਣ ਅਤੇ ਪੂਰਨਤਾ ਹੈ। "ਕਿਉਂ ਜੋ ਮਸੀਹ ਸਭਨਾਂ ਦੇ ਪਾਪਾਂ ਲਈ ਇੱਕੋ ਵਾਰ ਮਰਿਆ" ਦਾ ਭਾਵ ਅਰਥ ਇਹੀ ਹੈ। ਪਰਮੇਸ਼ੁਰ ਨਾਲ ਪਾਪੀ ਦੇ ਮੇਲ ਕਰਨ ਲਈ ਮਨੁੱਖੀ ਪਾਪ ਦੇ ਲਈ ਹੋਰ ਦੁਖ ਦੀ ਲੋੜ ਨਹੀਂ ਹੈ। ਸਲੀਬ ਸਮੁੱਚੇ ਤੌਰ ਤੇ ਕਾਫੀ ਸੀ।[17] ਇਬਰਾਨੀਆਂ ਦੇ ਲੇਖਕ ਨੇ ਦਲੀਲ ਦਿੱਤੀ ਹੈ ਕਿ ਮਸੀਹ ਨੇ ਸਾਲ ਦਰ ਸਾਲ ਦੁਖ ਨਹੀਂ ਝੱਲਿਆ, ਜਿਵੇਂ ਕਿ ਹਾਰੂਨ ਦੇ ਜਾਜਕ ਕਰਦੇ ਸਨ; ਬਲਕਿ ਉਸ ਨੇ "ਬਹੁਤਿਆਂ ਦੇ ਪਾਪਾਂ ਨੂੰ ਇੱਕੋ ਵਾਰ ਚੁੱਕਣ" ਲਈ ਆਪਣੇ ਆਪ ਨੂੰ ਦੇ ਦਿੱਤਾ (ਇਬਰਾਨੀਆਂ 9:24–28)। ਇਬਰਾਨੀਆਂ ਵਿਚ, ਯਿਸੂ ਜਾਜਕ ਅਤੇ ਕੁਰਬਾਨੀ ਦੋਵੇਂ ਹੈ। 1 ਪਤਰਸ ਵਿਚ, ਉਹ ਇਕ ਉੱਤਮ ਕੁਰਬਾਨੀ ਹੈ, ਨਿਰਦੋਸ਼ ਬਲੀ, "ਕੁਧਰਮੀ ਦੇ ਲਈ ਧਰਮੀ।"

ਪਤਰਸ ਦੇ ਅਸਲੀ ਪਾਠਕ ਅਤੇ ਅਗਾਮੀ ਸਾਰੇ ਪਾਠਕ ਇੱਕੋ ਸਿਰਲੇਖ ਹੇਠਾਂ ਆਉਂਦੇ ਹਨ ਜੋ ਕਿ "ਕੁਧਰਮੀ" ਹੈ। ਪੌਲੁਸ ਅਤੇ ਪਤਰਸ ਨੇ ਇੱਕੋ ਜਿਹੀ ਪੁਸ਼ਟੀ ਕੀਤੀ: "ਸਭਨਾਂ ਨੇ ਪਾਪ ਕੀਤਾ ਹੈ" (ਰੋਮੀਆਂ 3:23)। ਨਿਰਦੋਸ਼ਤਾ ਵਿਚ ਉਸ ਦੇ ਦੁਖ ਦੇ ਕਾਰਨ ਹੀ ਮਸੀਹ ਸਾਨੂੰ "ਪਰਮੇਸ਼ੁਰ ਕੋਲ ਪੁਚਾਉਣ" ਵਿਚ ਸਮਰੱਥ ਹੈ। ਪਤਰਸ ਨੇ ਇਹ ਗੱਲ 2:24, 25 ਵਿਚ ਬਿਆਨ ਕੀਤੀ ਸੀ, ਪਰ ਇੱਥੇ ਰਸੂਲ ਹੋਰ ਜ਼ਿਆਦਾ ਅੱਗੇ ਵਧਿਆ। ਸਲੀਬ ਉੱਤੇ ਮਸੀਹ ਦਾ ਦੁਖ ਅਤੇ ਮੌਤ ਕਹਾਣੀ ਦਾ ਅੰਤ ਨਹੀਂ ਸੀ। ਸਲੀਬ ਹਾਰ ਨਹੀਂ ਸੀ। ਸੱਚਮੁੱਚ, ਹਾਲਾਂਕਿ **ਉਹ ਤਾਂ ਸਰੀਰ ਕਰਕੇ ਮਾਰਿਆ ਗਿਆ**, ਪਰਮੇਸ਼ੁਰ ਨੇ ਸਲੀਬ ਨੂੰ ਜਿੱਤ ਵਿਚ ਬਦਲ ਦਿੱਤਾ। ਉਹ "ਆਤਮਾ ਕਰਕੇ ਜਿਵਾਲਿਆ ਗਿਆ।" ਦੂਜੀ ਗੱਲ ਬਿਲਕੁਲ ਵੀ ਉਸ ਤਰ੍ਹਾਂ ਦੀ ਨਹੀਂ ਜਿਸ ਦੀ ਅਸੀਂ ਪਤਰਸ ਕੋਲੋਂ ਕਹਿਣ ਦੀ ਉਮੀਦ ਕੀਤੀ ਹੋਵੇਗੀ। ਨਾ ਸਿਰਫ ਯਿਸੂ ਨੂੰ "ਸਰੀਰ ਕਰਕੇ ਮਾਰਿਆ ਗਿਆ," ਉਹ ਉਸ ਨੂੰ ਆਤਮਾ ਕਰਕੇ ਜਿਵਾਲਿਆ ਵੀ ਗਿਆ। ਪ੍ਰਭੂ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਜਦੋਂ ਉਸ ਨੇ ਥੋਮਾ ਨੂੰ ਆਪਣੇ ਹੱਥਾਂ ਦੇ ਨਿਸ਼ਾਨ ਵਿਚ ਆਪਣੀ ਉਂਗਲ ਵਾੜਨ ਦਾ ਨਿਓਤਾ ਦਿੱਤਾ (ਯੂਹੰਨਾ 20:25, 27)। ਪਤਰਸ ਨੇ ਸਰੀਰਕ ਦੇਹ ਵਿਚ ਯਿਸੂ ਦੇ ਜੀ ਉੱਠਣ ਦੀ ਗੱਲ ਨਹੀਂ ਸੀ ਕੀਤੀ। ਉਸ ਦੀ ਗੱਲ ਵੱਖਰੀ ਸੀ। "ਸਰੀਰ ਕਰਕੇ" ਯਿਸੂ ਉਨ੍ਹਾਂ ਮਨੁੱਖਾਂ ਦੇ ਹੱਥੋਂ ਮਰਿਆ ਜਿਨ੍ਹਾਂ ਨੇ ਉਸ ਨੂੰ ਸਲੀਬ ਉੱਤੇ ਚੜ੍ਹਾਇਆ ਸੀ। "ਆਤਮਾ ਕਰਕੇ" ਉਹ ਜਿਵਾਲਿਆ ਗਿਆ ਸੀ।

ਉਨ੍ਹਾਂ ਸ਼ਬਦਾਂ ਨਾਲ ਪਤਰਸ ਨੇ ਇਸ ਬੰਦ ਨੂੰ ਨਵੇਂ ਨੇਮ ਵਿਚ ਸਭ ਤੋਂ ਮੁਸ਼ਕਲ ਬੰਦਾਂ ਵਿਚ ਤਬਦੀਲ ਕਰ ਦਿੱਤਾ ਜੋ ਕਿ ਨਿਸ਼ਚਤ ਤੌਰ ਤੇ ਸਭ ਤੋਂ ਮੁਸ਼ਕਲ ਬੰਦ ਹੈ। 1930 ਵਿਚ, ਜੇ. ਏ. ਮੈਕਕੁਲੋਚ ਨੇ ਇਸ ਬੰਦ ਦਾ ਅਤੇ ਹੋਰਨਾਂ ਬੰਦਾਂ ਦੀ ਛਾਣਬੀਣ ਕੀਤੀ ਕਿਉਂਕਿ ਉਹ ਆਰੰਭਕ ਕਲੀਸੀਆ ਵਿਚ ਪੱਕੀ ਰਵਾਇਤ ਨਾਲ ਸੰਬੰਧ ਰੱਖਦੇ ਹਨ ਕਿ ਯਿਸੂ ਨੇ ਆਪਣੇ ਸਲੀਬ ਦਿੱਤੇ ਜਾਣ ਤੋਂ ਬਾਅਦ ਮੁਰਦਿਆਂ ਦੇ ਸੰਸਾਰ ਵਿਚ ਗਿਆ।[18] ਮੈਕਕੁਲੋਚ ਦੇ ਪ੍ਰਕਾਸ਼ਨ ਤੋਂ ਹੀ, ਵਿਦਵਾਨਾਂ ਨੇ ਇਸ ਬੰਦ ਤੇ ਆਪਣੀ ਕਾਫੀ ਊਰਜਾ ਖਰਚ ਕੀਤੀ ਹੈ। ਪਤਰਸ ਦੇ ਸ਼ਬਦਾਂ ਲਈ ਕਈ ਵਿਆਖਿਆਵਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਵਿਚ ਜੋ ਮੁੱਦੇ ਸ਼ਾਮਲ ਹਨ ਕਾਫੀ ਗੁੰਝਲਦਾਰ ਹਨ। ਉਨ੍ਹਾਂ ਨੂੰ ਹੱਲ ਕਰਨਾ ਮੁਸ਼ਕਲ ਹੈ। ਇੱਥੇ ਆ ਕੇ ਇਹ ਗੌਰ ਕਰਨਾ ਬਿਹਤਰ ਹੈ ਕਿ NASB ਬਾਈਬਲ ਜਿਵੇਂ ਕਿ ਉੱਪਰ ਹਵਾਲਾ ਦਿੱਤਾ ਗਿਆ ਹੈ, "ਆਤਮਾ" ਸ਼ਬਦ ਨੂੰ ਵੱਡੇ ਅੱਖਰ ਨਾਲ ਨਹੀਂ ਲਿਖਦੀ। ਅਨੁਵਾਦਕ ਇਕਸਾਰਤਾ ਨਾਲ ਇਸ ਨੂੰ ਵੱਡੇ ਅੱਖਰ ਵਿਚ ਲਿਖਦੇ ਹਨ ਜਦੋਂ ਉਹ ਇਸ ਦਾ ਪਵਿੱਤਰ ਆਤਮਾ ਵਜੋਂ ਹਵਾਲਾ ਦਿੰਦੇ

ਹਨ। NASB ਤੋਂ ਭਿੰਨ, NIV ਬਾਈਬਲ “ਆਤਮਾ” ਸ਼ਬਦ ਨੂੰ ਵੱਡੇ ਅੱਖਰ ਵਿਚ ਲਿਖਦੀ ਹੈ। NIV ਅਨੁਵਾਦਕ ਮੰਨਦੇ ਸਨ ਕਿ ਪਤਰਸ ਨੇ ਪਵਿੱਤਰ ਆਤਮਾ ਦਾ ਹਵਾਲਾ ਦਿੱਤਾ ਸੀ। ਦੋਵਾਂ ਹੀ ਸਥਿਤੀਆਂ ਵਿਚ ਯੂਨਾਨੀ ਵਿਚ “ਆਤਮਾ” ਵੱਡੇ ਅੱਖਰ ਵਿਚ ਨਹੀਂ ਲਿਖਿਆ ਜਾਵੇਗਾ। ਸਿਰਫ ਸੰਦਰਭ ਹੀ ਇਹ ਤੈਅ ਕਰ ਸਕਦਾ ਹੈ ਕਿ ਇਹ ਪਵਿੱਤਰ ਆਤਮਾ ਦਾ ਜਾਂ ਕਿਸੇ ਹੋਰ ਭਾਵ ਵਿਚ ਆਤਮਾ ਦਾ ਹਵਲਾ ਦਿੰਦਾ ਹੈ। NASB ਅਤੇ NIV ਦੋਵੇਂ ਬਾਈਬਲਾਂ ਇਕ ਵਿਆਖਿਆ ਦੀ ਪੇਸ਼ਕਸ਼ ਕਰਦੀਆਂ ਹਨ ਜਦੋਂ ਉਹ ਛੋਟੇ ਅੱਖਰ ਵਾਲੇ “ਆਤਮਾ” ਜਾਂ ਵੱਡੇ ਅੱਖਰ ਵਾਲੇ “ਆਤਮਾ” ਨੂੰ ਚੁਣਦੀਆਂ ਹਨ।

**ਆਇਤ 19.** ਇਹ ਆਇਤ ਤੁਰੰਤ ਕਈ ਸਵਾਲ ਖੜ੍ਹੇ ਕਰਦੀ ਹੈ। **ਜਿਹ ਦੇ ਵਿੱਚ** ਵਾਕ ਸੰਬੰਧਤ ਪੜਨਾਂਵ ਦਾ ਪੂਰਵਗਾਮੀ ਸਪੱਸ਼ਟ ਨਹੀਂ ਹੈ। ਪਿਛਲੀ ਆਇਤ ਵਿਚ ਪੜਨਾਂਵ ਲਈ ਸਭ ਤੋਂ ਨੇੜਲਾ ਸ਼ਬਦ “ਆਤਮਾ” ਹੈ ਜਿਸ ਨੂੰ NIV ਬਾਈਬਲ ਪਵਿੱਤਰ ਆਤਮਾ ਸਮਝਦੀ ਹੈ। ਇਹ ਹੈਰਾਨਗੀ ਦੀ ਗੱਲ ਨਹੀਂ ਹੈ, ਜਦੋਂ NIV ਬਾਈਬਲ “ਜਿਹ ਦੇ ਵਿੱਚ” ਦੀ ਬਜਾਇ “ਜਿਹ ਦੇ ਦੁਆਰਾ” ਸ਼ਬਦ ਦੀ ਪੇਸ਼ਕਸ਼ ਕਰਦੀ ਹੈ। NIV ਬਾਈਬਲ ਅਨੁਸਾਰ ਕੋਈ ਇਹ ਸਮਝੇਗਾ ਕਿ ਯਿਸੂ ਨੇ ਪਵਿੱਤਰ ਆਤਮਾ ਦੇ ਰਾਹੀਂ **ਜਾ ਕੇ ਮਨਾਦੀ ਕੀਤੀ**, ਅਰਥਾਤ, ਉਹ ਪਵਿੱਤਰ ਆਤਮਾ ਦੇ ਰਾਹੀਂ ਦਿੱਤੀ ਸ਼ਕਤੀ ਦੇ ਵਸੀਲੇ ਨਾਲ ਗਿਆ। ਕੀ NIV ਦਾ ਅਨੁਵਾਦ ਸਹੀ ਠਹਿਰਿਆ ਹੈ? ਯੂਨਾਨੀ ਸੰਬੰਧਸੂਚਕ ਸ਼ਬਦ ἐν (*ਏਨ*) ਦਾ “ਰਾਹੀਂ” ਵਜੋਂ ਅਨੁਵਾਦ ਕਰਨਾ ਇਕ ਸੰਭਾਵਨਾ ਹੈ ਅਤੇ ਆਇਤ ਦਾ ਵਿਆਕਰਣ ਪਿਛਲੀ ਆਇਤ ਵਿਚ ਯੂਨਾਨੀ ਪੜਨਾਂਵ ਦੇ ਲਈ “ਆਤਮਾ” ਦਾ ਹਵਾਲਾ ਦੇਣ ਦਿੰਦਾ ਹੈ। ਉਸ ਹਾਲਤ ਵਿਚ, “ਜਿਹ ਦੇ ਰਾਹੀਂ” ਅਨੁਵਾਦ ਕਰਨਾ ਜੇਕਰ ਉੱਤਮ ਨਹੀਂ ਹੈ ਤਾਂ ਸਵੀਕਾਰਨਯੋਗ ਹੈ। ਸਵਾਲ ਇਹ ਹੈ ਕਿ ਪਤਰਸ ਇਹ ਦੱਸਣਾ ਚਾਹੁੰਦਾ ਸੀ ਜਾਂ ਨਹੀਂ। NIV ਬਾਈਬਲ ਨੇ ਪੰਜਾਬੀ ਪਾਠਕ ਦੇ ਲਈ ਇਕ ਸੰਭਵ ਵਿਆਖਿਆ ਦੀ ਪੇਸ਼ਕਸ਼ ਕੀਤੀ ਹੈ, ਪਰ ਇਹ ਸੰਦੇਹਪੂਰਨ ਹੈ ਕਿ ਉਸ ਅਨੁਵਾਦ ਦੀ ਵਿਆਖਿਆ ਸਹੀ ਢੰਗ ਨਾਲ ਕੀਤੀ ਗਈ ਹੈ ਜਾਂ ਨਹੀਂ।

“ਜਿਹ” ਜਾਂ “ਜਿਹੜਾ” ਪੜਨਾਂਵ ਸ਼ਾਇਦ ਪਵਿੱਤਰ ਆਤਮਾ ਦਾ ਹਵਾਲਾ ਦੇ ਸਕਦਾ ਹੈ, ਪਰ ਜ਼ਰੂਰੀ ਨਹੀਂ। ਹਾਲਾਂਕਿ ਅਨੁਵਾਦ, ਖਾਸ ਕਰਕੇ ਮੌਜੂਦਾ ਅਨੁਵਾਦ, ਇਸ ਨੂੰ ਪਰਗਟ ਨਹੀਂ ਕਰਨਗੇ, ਯੂਨਾਨੀ ਵਾਕ “ਜਿਹ ਦੇ ਵਿੱਚ” (ἐν ᾧ, *ਏਨ ਹੋਈ*) 1 ਪਤਰਸ ਵਿਚ ਚਾਰ ਵਾਰ ਆਉਂਦਾ ਹੈ (1:6; 2:12; 3:16; 4:4)। NASB ਬਾਈਬਲ ਨਿਰੰਤਰਤਾ ਇਸ ਦਾ ਅਨੁਵਾਦ “ਜਿਹ ਦੇ ਵਿੱਚ” ਜਾਂ “ਇਸ ਵਿੱਚ” ਵਜੋਂ ਕਰਦੀ ਹੈ। ਬਾਕੀ ਥਾਵਾਂ ਤੇ ਜਿੱਥੇ ਇਹ ਵਾਕ ਆਉਂਦਾ ਹੈ, ਪੜਨਾਂਵ ਪਿਛਲੇ ਵਿਚਾਰ ਦਾ ਹਵਾਲਾ ਦਿੰਦਾ ਜਾਪਦਾ ਹੈ ਜੋ ਸੰਦਰਭ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ 1:6 ਵਿਚ, ਜਦੋਂ ਪਤਰਸ ਨੇ ਲਿਖਿਆ, “ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ” ਪੜਨਾਂਵ “ਇਹ” ਸਭ ਹਾਲਾਤਾਂ ਵਿਚ ਅਨੰਦ ਕਰਨ ਦਾ ਹਵਾਲਾ ਦਿੰਦਾ ਹੈ ਜਿਸ ਦਾ 1:4, 5 ਵਿਚ ਵਰਣਨ ਕੀਤਾ ਗਿਆ ਹੈ, ਨਾ ਕਿ ਕਿਸੇ ਖਾਸ ਚੀਜ਼ ਲਈ। ਉਸੇ ਤਰ੍ਹਾਂ, ਸਾਡੇ ਸਾਹਮਣੇ ਜੋ ਆਇਤ ਹੈ, “ਜਿਹ ਦੇ ਵਿੱਚ” ਸ਼ਾਇਦ “ਆਤਮਾ” ਦਾ ਨਹੀਂ, ਪਰ ਮਸੀਹ ਦੇ ਪਿਛਲੇ ਵਰਣਨ ਦਾ ਹਵਾਲਾ ਦਿੰਦਾ ਹੈ ਜਦੋਂ ਉਹ ਮਰਿਆ ਅਤੇ ਜਿਵਾਲਿਆ ਗਿਆ। ਸ਼ਾਇਦ ਪਤਰਸ ਇਹ ਕਹਿ ਰਿਹਾ ਸੀ ਕਿ ਉਸ ਦੀ ਮੌਤ ਅਤੇ ਜੀ ਉੱਠਣ ਦੀਆਂ ਘਟਨਾਵਾਂ ਦੌਰਾਨ, ਯਿਸੂ ਨੇ “ਜਾ ਕੇ ਮਨਾਦੀ ਕੀਤੀ।” ਫਿਰ ਇਹ ਵਿਕਲਪ ਹਨ: (1) ਪਤਰਸ ਸ਼ਾਇਦ ਕਹਿ ਰਿਹਾ ਸੀ ਕਿ ਯਿਸੂ ਪਵਿੱਤਰ ਆਤਮਾ ਦੇ ਰਾਹੀਂ ਗਿਆ, ਜਾਂ (2) ਕੁਝ ਆਤਮਿਕ ਤਰੀਕੇ ਵਿਚ ਉਹ ਗਿਆ, ਜਾਂ (3) ਘਟਨਾਵਾਂ ਦੀ ਦਿਸ਼ਾ ਵਿਚ ਜੋ ਉਸ ਦੀ ਮੌਤ ਅਤੇ ਜੀ ਉੱਠਣ

ਦੁਆਰਾ ਬਰੈਕਟ ਵਿਚ ਰੱਖੀਆਂ ਗਈਆਂ ਹਨ ਉਹ ਗਿਆ। ਪਹਿਲੇ ਅਤੇ ਦੂਜੇ ਦੋਹਾਂ ਵਿਕਲਪਾਂ ਵਿਚ ਪੜਨਾਂਵ ਦੇ ਪੂਰਵਗਾਮੀ ਨੂੰ "ਆਤਮਾ" ਸਮਝਿਆ ਜਾਂਦਾ ਹੈ। ਪਹਿਲੇ ਉਦਾਹਰਣ ਵਿਚ ਇਹ ਪਵਿੱਤਰ ਆਤਮਾ ਹੈ (ਉਸੇ ਤਰ੍ਹਾਂ NIV ਵਿਚ ਹੈ); ਦੂਜੇ ਵਿਚ ਆਤਮਾ ਨੂੰ ਆਮ ਤੌਰ ਤੇ "ਆਤਮਿਕ ਤਰੀਕੇ ਵਿਚ" ਅਰਥ ਵਜੋਂ ਸਮਝਿਆ ਜਾਂਦਾ ਹੈ (ਉਸੇ ਤਰ੍ਹਾਂ NASB ਵਿਚ ਹੈ)। "ਜਿਹ" ਦਾ ਪੂਰਵਗਾਮੀ ਸ਼ਾਇਦ "ਆਤਮਾ" ਜਾਂ "ਆਤਮਾ" ਹੋ ਸਕਦਾ ਹੈ ਜਾਂ ਸ਼ਾਇਦ ਇਹ ਮਸੀਹ ਨੂੰ ਮਾਰਨ ਅਤੇ ਉਸ ਦੇ ਜਿਵਾਲੇ ਜਾਣ ਦੀ ਹਾਲਤ ਹੈ। ਕੋਈ ਜਿਹੜੀ ਮਰਜ਼ੀ ਵਿਆਖਿਆ ਨੂੰ ਸਮਝੇ, ਇਸ ਦਾ ਉਸ ਤਰੀਕੇ ਨਾਲ ਬਹੁਤ ਵੱਡਾ ਸੰਬੰਧ ਹੋਵੇਗਾ ਜਿਸ ਨਾਲ ਕੋਈ ਬਾਕੀ ਦੇ ਬੰਦ ਨੂੰ ਸਮਝਦਾ ਹੈ।[19] ਅਸੀਂ ਤਦ ਤੱਕ ਸੰਭਾਵਨਾਵਾਂ ਵਿਚਕਾਰ ਚੋਣ ਕਰਨ ਵਿਚ ਦੇਰੀ ਕਰਾਂਗੇ ਜਦੋਂ ਤੱਕ ਅਸੀਂ ਆਇਤਾਂ ਦੁਆਰਾ ਉਠਾਏ ਗਏ ਹੋਰ ਮੁੱਦਿਆਂ ਦੀ ਛਾਣਬੀਣ ਨਹੀਂ ਕਰ ਲੈਂਦੇ।

ਸਵਾਲ ਜਾਰੀ ਰਹਿੰਦੇ ਹਨ। "ਉਹ ਨੇ ਜਾ ਕੇ ਮਨਾਦੀ ਕੀਤੀ" ਨੂੰ ਜਥਾਰਥ ਰੂਪ ਵਿਚ ਜਾਂ ਅਲੰਕਾਰਕ ਰੂਪ ਵਿਚ ਸਮਝਿਆ ਜਾ ਸਕਦਾ ਹੈ, ਦੂਜੇ ਸ਼ਬਦਾਂ ਵਿਚ, ਯਿਸੂ ਵਿਅਕਤੀਗਾਤ ਤੌਰ ਤੇ ਆਪ ਗਿਆ ਹੋਵੇਗਾ ਜਾਂ ਉਹ ਸਰੀਰਕ ਤੌਰ ਤੇ ਜਾਂ ਪ੍ਰਤੀਨਿਧਤ ਤੌਰ ਤੇ ਗਿਆ ਹੋਵੇਗਾ। ਫਿਰ ਵੀ, ਜਦੋਂ ਪਤਰਸ ਨੇ ਕਿਹਾ ਕਿ ਯਿਸੂ ਨੇ **ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਮਨਾਦੀ ਕੀਤੀ**, "ਆਤਮਿਆਂ . . . ਕੈਦ ਵਿੱਚ" ਨੂੰ ਅਲੰਕਾਰਕ ਰੂਪ ਵਿਚ ਪੜ੍ਹਨ ਦੀ ਜ਼ਰੂਰਤ ਹੈ। ਸਲਾਖਾਂ ਵਾਲੀ ਅਸਲੀ ਜੇਲ ਵਿਚ ਅਸਲੀ ਆਤਮਿਆਂ ਦਾ ਹੋਣਾ ਵਿਚਾਰ ਤੋਂ ਪਰੇ ਹੈ। ਆਤਮਾਵਾਂ ਕਿਸੇ ਕਿਸਮ ਦੀ ਕੈਦ ਵਿਚ ਸਨ, ਪਰ ਉਸ ਤਰ੍ਹਾਂ ਦੀ ਕੈਦ ਵਿਚ ਨਹੀਂ ਜਿਸ ਤਰ੍ਹਾਂ ਦੀ ਕੈਦ ਮਨੁੱਖ ਜਾਣਦੇ ਹਨ। ਧਿਆਨ ਦਿਓ ਕਿ NASB ਬਾਈਬਲ ਵਿਚ "ਹੁਣ" ਸ਼ਬਦ ਟੇਢੇ ਅੱਖਰਾਂ ਵਿਚ ਲਿਖਿਆ ਗਿਆ ਹੈ, ਜਿਸ ਦਾ ਅਰਥ ਇਹ ਹੈ ਕਿ ਇਹ ਸ਼ਬਦ ਯੂਨਾਨੀ ਵਿਚ ਨਹੀਂ ਹੈ। ਜਦੋਂ NASB ਬਾਈਬਲ "ਹੁਣ" ਸ਼ਬਦ ਲਿਖਦੀ ਹੈ ਤਾਂ ਸੁਝਾਅ ਇਹ ਦਿੱਤਾ ਜਾਂਦਾ ਹੈ ਕਿ ਆਤਮਾਵਾਂ "ਕੈਦ ਵਿੱਚ" ਨਹੀਂ ਸਨ ਜਦੋਂ ਯਿਸੂ ਨੇ ਜਾ ਕੇ ਮਨਾਦੀ ਕੀਤੀ, ਪਰ ਉਹ ਉਦੋਂ ਕੈਦ ਵਿਚ ਸਨ ਜਦੋਂ ਪਤਰਸ ਨੇ ਲਿਖਿਆ। ਸੰਦਰਭ ਦੇ ਆਧਾਰ ਤੇ ਪਾਠਕ ਨੂੰ ਇਸ ਗੱਲ ਦਾ ਫ਼ੈਸਲਾ ਕਰਨਾ ਚਾਹੀਦਾ ਹੈ ਕਿ NASB ਬਾਈਬਲ ਨੇ "ਹੁਣ" ਸ਼ਬਦ ਲਿਖ ਕੇ ਚੰਗਾ ਕੀਤਾ ਹੈ ਜਾਂ ਨਹੀਂ।

ਜੇਕਰ "ਆਤਮਾਵਾਂ" ਜਿਨ੍ਹਾਂ ਦੀ ਯਿਸੂ ਨੇ ਮਨਾਦੀ ਕੀਤੀ ਸੀ ਜਥਾਰਥ ਰੂਪ ਵਿਚ "ਕੈਦ ਵਿੱਚ" ਨਹੀਂ ਸਨ ਤਾਂ ਉਹ ਕਿੱਥੇ ਸਨ? "ਕੈਦ ਵਿੱਚ" ਦਾ ਕੀ ਅਰਥ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਇਸ ਤੇ ਨਿਰਭਰ ਕਰੇਗਾ ਕਿ ਉਹ "ਆਤਮਾਵਾਂ" ਕਿਨ੍ਹਾਂ ਦੀਆਂ ਸਨ ਜਿਨ੍ਹਾਂ ਵਿਚ ਯਿਸੂ ਨੇ ਮਨਾਦੀ ਕੀਤੀ ਸੀ। 3:20 ਦੇ ਅਨੁਸਾਰ, ਇਹ ਆਤਮਾਵਾਂ ਉਨ੍ਹਾਂ ਦੀਆਂ ਸਨ ਜਿਹੜੇ ਨੂਹ ਦੇ ਸਮੇਂ ਵਿਚ ਅਣਆਗਿਆਕਾਰ ਸਨ। ਕੁਝ ਸੁਝਾਅ ਦਿੰਦੇ ਹਨ ਕਿ ਇਹ ਹਵਾਲਾ ਦੁਸ਼ਟ ਦੂਤਾਂ, "ਪਰਮੇਸ਼ੁਰ ਦੇ ਪੁੱਤਰਾਂ" ਦਾ ਹੈ। ਉਤਪਤ 6:1–4 ਵਿਚ, ਜਿਹੜੇ ਜਲ ਪਰਲੋ ਆਉਣ ਤੋਂ ਪਹਿਲਾਂ ਧਰਤੀ ਉੱਤੇ ਰਹਿੰਦੇ ਸਨ। ਜਦ ਕਿ ਇਹ ਸੱਚ ਹੈ ਕਿ "ਪਰਮੇਸ਼ੁਰ ਦੇ ਪੁੱਤਰਾਂ" ਵਿਚ ਅਨੋਖੀ ਸਮਕਾਲੀਨ ਦਿਲਚਸਪੀ ਸੀ ਜਿਨ੍ਹਾਂ ਨੇ 6:1–4 ਵਿਚ "ਆਦਮੀ ਦੀਆਂ ਧੀਆਂ" ਨੂੰ ਆਪਣੀਆਂ ਤੀਵੀਆਂ ਬਣਾਇਆ, ਉਹ "ਪਰਮੇਸ਼ੁਰ ਦੇ ਪੁੱਤਰ" (ਉਹ ਭਾਵੇਂ ਕੋਈ ਵੀ ਸਨ ਜਾਂ ਜਿਸ ਤਰ੍ਹਾਂ ਦੇ ਵੀ ਸਨ) ਪਤਰਸ ਦੀ ਉਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਪਤਰਸ ਉਸ ਨਿਆਂ ਜਾਂ ਸਜ਼ਾ ਬਾਰੇ ਚਿੰਤਤ ਨਹੀਂ ਸੀ ਜੋ ਪਰਮੇਸ਼ੁਰ ਉਸ ਸਮੇਂ ਦੇ ਲੋਕਾਂ ਉੱਤੇ ਲਿਆਉਣੀ ਸੀ। ਦੂਤਾਂ ਤੇ ਨਿਆਂ ਵਿਚ ਉਸ ਨੂੰ ਕੋਈ ਦਿਲਚਸਪੀ ਨਹੀਂ ਸੀ। ਉਸ ਦੇ ਆਪਣੇ ਸਮੇਂ ਦੇ

ਅਣਆਗਿਆਕਾਰ ਲੋਕਾਂ ਦੇ ਵਾਂਗ, ਇਹ ਨੂਹ ਦੇ ਸਮੇਂ ਦੇ ਅਣਆਗਿਆਕਾਰ ਲੋਕ ਸਨ ਜਿਨ੍ਹਾਂ ਨੇ ਪਰਮੇਸ਼ੁਰ ਦੇ ਕਰੋਧ ਨੂੰ ਭੜਕਾਇਆ ਸੀ। "ਫੇਰ ਯਹੋਵਾਹ ਨੇ ਵੇਖਿਆ ਕਿ ਆਦਮੀ ਦੀ ਬੁਰਿਆਈ ਧਰਤੀ ਉੱਤੇ ਵਧ ਗਈ ਹੈ" (ਉਤਪਤ 6:5)। ਉਹ "ਆਤਮਾਵਾਂ" ਜਿਹੜੀਆਂ ਨੂਹ ਦੇ ਸਮੇਂ ਵਿਚ ਅਣਆਗਿਆਕਾਰ ਸਨ ਉਸ ਪੀੜ੍ਹੀ ਦੇ ਬੁਰੇ ਲੋਕ ਸਨ।

ਲੋਕਾਂ ਦਾ "ਆਤਮਿਆਂ" ਵਜੋਂ ਹਵਾਲਾ ਦੇਣਾ ਇਕ ਅਸਧਾਰਨ ਗੱਲ ਹੈ, ਪਰ ਰਸੂਲ ਉਨ੍ਹਾਂ ਨੂੰ ਕੀ ਕਹਿ ਕੇ ਬੁਲਾਉਂਦਾ ਜਿਹੜੇ ਲੰਬੇ ਸਮੇਂ ਪਹਿਲਾਂ ਮਰ ਚੁੱਕੇ ਸਨ? ਉਹ ਹੁਣ ਬਚਨ ਦੇ ਭਾਵ ਵਿਚ ਸਧਾਰਨ ਲੋਕ ਨਹੀਂ ਸਨ, ਅਰਥਾਤ, ਸਰੀਰ ਵਿਚ ਲੋਕ। ਰਸੂਲ ਨੇ ਜੀਉਂਦੇ ਲੋਕਾਂ "ਆਤਮਿਆਂ" (ψυχαί, *ਸੁਕਾਈ*, 3:20) ਆਖਿਆ, ਲੋਕ ਜਿਹੜੇ ਮਰ ਚੁੱਕੇ ਸਨ "ਆਤਮਾਵਾਂ" ਸਨ। ਪਤਰਸ ਦਾ "ਆਤਮਿਆਂ" ਦੀ ਵਰਤੋਂ ਕੁਝ-ਕੁਝ ਇਬਰਾਨੀਆਂ 12:9 ਵਰਗਾ ਹੈ ਜਿੱਥੇ ਸਰੀਰਕ ਪਿਤਾ "ਆਤਮਿਆਂ ਦੇ ਪਿਤਾ" ਵਿਰੁੱਧ ਕੀਤੇ ਗਏ ਸਨ। ਪਤਰਸ ਦੇ ਵਾਂਗ, ਇਬਰਾਨੀਆਂ ਦੇ ਲੇਖਕ ਨੇ ਉਨ੍ਹਾਂ ਲੋਕਾਂ ਦੇ ਲਈ "ਆਤਮਿਆਂ" ਸ਼ਬਦ ਦੀ ਵਰਤੋਂ ਕੀਤੀ ਜਿਹੜੇ ਸਰੀਰ ਵਿਚ ਨਹੀਂ ਸਨ। ਜਦੋਂ ਪਤਰਸ ਨੇ ਕਿਹਾ ਕਿ "ਆਤਮਿਆਂ" ਜਿਹੜੇ "ਕੈਦ ਵਿੱਚ" ਸਨ, ਉਸ ਨੇ ਜ਼ੋਰ ਦਿੱਤਾ ਕਿ ਨੂਹ ਦੇ ਸਮੇਂ ਦੇ ਬਾਗੀ ਲੋਕ, ਹਾਲਾਂਕਿ ਉਹ ਹੁਣ ਸਰੀਰ ਵਿਚ ਨਹੀਂ ਸਨ, ਮੁਰਦਿਆਂ ਦੇ ਖੇਤਰ ਵਿਚ ਕੈਦ ਸਨ। "ਆਤਮਿਆਂ" ਨੂਹ ਦੀ ਪੀੜ੍ਹੀ ਦੇ ਅਣਆਗਿਆਕਾਰ ਲੋਕ ਸਨ। ਉਹ ਪਤਾਲ ਵਿਚ ਸਨ ਜਦੋਂ ਪਤਰਸ ਨੇ ਲਿਖਿਆ। ਇਹੋ ਉਨ੍ਹਾਂ ਦੀ ਕੈਦ ਸੀ। ਕੈਦ ਵਜੋਂ ਪਤਾਲ ਲੋਕ ਉਨ੍ਹਾਂ ਲੋਕਾਂ ਲਈ ਇਕ ਅਜੀਬ ਧਾਰਣਾ ਨਹੀਂ ਹੋਵੇਗੀ ਜਿਹੜੇ ਨਬੀਆਂ ਤੋਂ ਜਾਣੂ ਸਨ। ਉਦਾਹਰਣ ਦੇ ਲਈ, ਹਿਜ਼ਕੀਏਲ ਨੇ ਮਿਸਰ ਦੇ ਸੂਰਮਿਆਂ ਦਾ ਜਿਹੜੇ ਪਤਾਲ ਵਿਚ ਲਹਿ ਗਏ ਸਨ (ਹਿਜ਼ਕੀਏਲ 32:18–32), ਕੈਦ ਤੋਂ ਭਿੰਨ ਇਕ ਰਹੱਸਪੂਰਣ ਖੇਤਰ ਵਜੋਂ ਵਰਣਨ ਕੀਤਾ। ਪਤਰਸ ਲਈ "ਕੈਦ" ਹਿਜ਼ਕੀਏਲ ਵਿਚ "ਪਤਾਲ" ਦੇ ਬਰਾਬਰ ਹੈ।

ਅਨੁਮਾਨ ਲਗਾਉਣ ਲਈ, ਯਿਸੂ ਮੁਰਦਿਆਂ ਦੇ ਸੰਸਾਰ ਵਿਚ ਗਿਆ, ਖਾਸ ਕਰਕੇ ਉਨ੍ਹਾਂ ਦੇ ਜਿਹੜੇ ਨੂਹ ਦੇ ਸਮੇਂ ਵਿਚ ਅਣਆਗਿਆਕਾਰੀ ਸਨ ਅਤੇ "ਮਨਾਦੀ ਕੀਤੀ।" ਯਿਸੂ ਨੇ ਉਨ੍ਹਾਂ ਵਿਚ ਮਨਾਦੀ ਕੀਤੀ ਅਰਥਾਤ ਉਨ੍ਹਾਂ ਨੂੰ ਪ੍ਰਚਾਰ ਕੀਤਾ। κηρύσσω (*ਕੇਰੁਸੋ*) ਸ਼ਬਦ ਮਨਾਦੀ ਜਾਂ ਪ੍ਰਚਾਰ ਕਰਨ ਲਈ ਇਕ ਸਧਾਰਨ ਕਿਰਿਆ ਹੈ। 4:6 ਵਿਚ, ਪਤਰਸ ਨੇ εὐαγγελίζω (*ਯੂਐਂਗਲੀਜ਼ੋ*) ਕਿਰਿਆ ਦੀ ਵਰਤੋਂ ਕੀਤੀ ਜਿਸ ਦਾ ਅਰਥ ਹੈ "ਖੁਸ਼ਖ਼ਬਰਅੀ ਦਾ ਪ੍ਰਚਾਰ ਕਰਨਾ," ਪਰ ਇੱਥੇ ਨਹੀਂ। ਯਿਸੂ ਨੇ ਮੁਰਦਿਆਂ ਨੂੰ ਕੀ ਪ੍ਰਚਾਰ ਕੀਤਾ ਜਾਂ ਉਨ੍ਹਾਂ ਦੀ ਕੀ ਮਨਾਦੀ ਕੀਤੀ? ਉਹ ਮੁਰਦਿਆਂ ਨੂੰ ਕਿਉਂ ਕੁਝ ਪ੍ਰਚਾਰ ਕਰਨਾ ਚਾਹੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਲਈ, ਸਾਨੂੰ ਪਹਿਲੇ ਮੁੱਦੇ ਵੱਲ ਵਾਪਸ ਜਾਣਾ ਪਵੇਗਾ ਜੋ ਅਸੀਂ ਪਹਿਲਾਂ ਇਸ ਆਇਤ ਬਾਰੇ ਖੜ੍ਹਾ ਕੀਤਾ ਸੀ। ਪੜਨਾਂਵ ਦਾ ਪੂਰਵਗਾਮੀ ਕੀ ਹੈ? "ਜਿਹ ਦੇ ਵਿੱਚ" ਦਾ ਕੀ ਅਰਥ ਹੈ?

3:18 ਵਿਚ ਆਖ਼ਰੀ ਸ਼ਬਦ ਯੂਨਾਨੀ ਅਤੇ NASB ਬਾਈਬਲ ਦੋਹਾਂ ਵਿਚ "ਆਤਮਾ" ਹੈ। ਇਹ ਉਦੋਂ ਸੀ ਜਦੋਂ ਯਿਸੂ ਸਰੀਰ ਦੇ ਖੇਤਰ ਵਿਚ, ਸਰੀਰ ਦੀਆਂ ਹੱਦਾਂ ਅੰਦਰ ਸੀ ਜਦੋਂ ਉਸ ਨੂੰ ਮਾਰਿਆ ਗਿਆ ਸੀ ਅਤੇ ਇਹ ਆਤਮਾ ਦੇ ਖੇਤਰ ਵਿਚ ਸੀ ਜਦੋਂ ਉਸ ਨੂੰ ਜਿਵਾਲਿਆ ਗਿਆ ਸੀ। ਪਤਰਸ ਨੇ ਇਹ ਕਿਉਂ ਨਹੀਂ ਕਿਹਾ ਕਿ ਯਿਸੂ ਨੂੰ ਜਿਵਾਲਿਆ ਗਿਆ ਸੀ? ਉਸ ਨੇ "ਆਤਮਾ ਕਰਕੇ ਜਿਵਾਲਿਆ ਗਿਆ" ਕਿਉਂ ਕਿਹਾ? ਸ਼ਾਇਦ 2:5 ਵਿਚ ਕੁਝ ਮਦਦ ਹੈ ਜਿੱਥੇ ਰਸੂਲ ਨੇ "ਆਤਮਕ ਘਰ" ਅਤੇ "ਆਤਮਕ ਬਲੀਦਾਨ" ਦਾ ਜ਼ਿਕਰ ਕੀਤਾ ਹੈ। ਉੱਥੇ

ਇਸ ਤਰ੍ਹਾਂ ਜਾਪਦਾ ਹੈ ਕਿ ਉਸ ਦਾ ਅਰਥ ਇਹ ਸੀ ਕਿ ਘਰ ਅਤੇ ਬਲੀਦਾਨ ਦੁਨਿਆਵੀ ਨਹੀਂ ਸਨ। ਇਹ ਕਿ ਉਹ "ਆਤਮਕ" ਸਨ ਬਿਨਾਂ ਸ਼ੱਕ ਇਸ ਦਾ ਅਰਥ ਇਹ ਸੀ ਕਿ ਉਹ ਪਰਮੇਸ਼ੁਰ ਦੀ ਖੁਸ਼ੀ ਅਤੇ ਪਰਮੇਸ਼ੁਰ ਦੀ ਪ੍ਰਵਾਨਗੀ ਲਈ ਸਨ, ਪਰ ਉਹ ਗੈਰ-ਦੁਨਿਆਵੀ ਵੀ ਸਨ। ਆਤਮਕ ਦਾ ਅਰਥ ਗੈਰ-ਦੁਨਿਆਵੀ ਹੋ ਸਕਦਾ ਹੈ ਜਿਵੇਂ "ਆਤਮਾ" ਦਾ ਅਰਥ "ਗੈਰ-ਸਰੀਰਕ" ਹੋ ਸਕਦਾ ਹੈ। 2:5 ਵਿਚ "ਆਤਮਕ" ਸ਼ਬਦ ਦੀ ਵਰਤੋਂ ਮੌਤ ਉੱਤੇ ਯਿਸੂ ਦੀ ਜਿੱਤ ਦੀ ਪਤਰਸ ਦੀ ਸਮਝ ਦਾ ਸੰਕੇਤ ਹੈ। ਪਰਮੇਸ਼ੁਰ ਨੇ ਮਸੀਹ ਨੂੰ ਉਸ ਦੇ ਸਲੀਬ ਦਿੱਤੇ ਜਾਣ ਤੋਂ ਬਾਅਦ ਜਿਵਾਲਿਆ, ਪਰ ਯਿਸੂ ਨੂੰ ਉਹੀ ਸਰੀਰ ਪ੍ਰਾਪਤ ਨਹੀਂ ਹੋਇਆ, ਹਰ ਤਰੀਕੇ ਨਾਲ ਸਰੀਰਕ, ਜਿਵੇਂ ਕਿ ਇਹ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਸੀ। "ਆਤਮਾ ਕਰਕੇ ਜਿਵਾਲਿਆ ਗਿਆ" ਦਾ ਗੈਰ-ਸੰਸਾਰਕ, ਗੈਰ-ਸਰੀਰਕ ਪਹਿਲੂ 3:19 ਵਿਚ "ਜਿਹ ਦੇ ਵਿੱਚ" ਦੀ ਵਰਤੋਂ ਵਿਚ ਲਿਜਾਇਆ ਗਿਆ ਹੈ। ਪੌਲੁਸ ਨੇ ਸਰੀਰ ਵਿਚ ਅਤੇ ਆਤਮਾ ਵਿਚ ਮੌਜੂਦ ਹੋਣ ਵਿਚਕਾਰ ਫ਼ਰਕ ਦਰਸਾਇਆ (ਕੁਲੁੱਸੀਆਂ 2:5)। ਸਪੱਸ਼ਟ ਤੌਰ ਤੇ ਇਕ ਵਿਅਕਤੀ ਲਈ "ਆਤਮਾ ਵਿਚ" ਮੌਜੂਦ ਹੋਣਾ ਸੰਭਵ ਹੈ ਜਦੋਂ ਉਹ ਜਥਾਰਥ ਰੂਪ ਵਿਚ, ਸਰੀਰਕ ਤੌਰ ਤੇ ਮੌਜੂਦ ਨਹੀਂ ਹੁੰਦਾ ਹੈ।

ਇਹ ਕਹਿਣ ਤੋਂ ਬਾਅਦ ਕਿ ਯਿਸੂ "ਆਤਮਾ ਕਰਕੇ ਜਿਵਾਲਿਆ ਗਿਆ," ਪਤਰਸ ਦਾ ਵਿਚਾਰ ਬਦਲ ਗਿਆ। ਉਹ ਮਸੀਹ ਦੇ ਮੇਲ ਮਿਲਾਪ ਕਰਵਾਉਣ ਵਾਲੇ ਕੰਮ ਤੋਂ ਉਸ ਦੇ ਪਾਪਾਂ ਲਈ ਮਰਨ ਅਤੇ ਜੀ ਉੱਠਣ ਵੱਲ ਚਲਾ ਗਿਆ, ਉਸ ਦੁਨੀਆ ਦੀਆਂ ਨਜ਼ਰਾਂ ਵਿਚ ਮਸੀਹੀ ਲੋਕਾਂ ਦੀ ਪੁਸ਼ਟੀ ਲਈ ਜਿਹੜੇ ਉਨ੍ਹਾਂ ਨੂੰ ਸਤਾਅ ਰਹੇ ਸਨ। ਪਤਰਸ ਦਾ ਮਨ ਪ੍ਰਭੂ ਦੇ ਪਰਗਟ ਹੋਣ ਅਤੇ ਉਸ ਨਿਆਂ ਵੱਲ ਪਰਤ ਗਿਆ ਜੋ ਉਸ ਦੇ ਪਰਗਟ ਹੋਣ ਵਿਚ ਸ਼ਾਮਲ ਹੋਣਗੇ। ਇਹ ਨਿਆਂ ਦਾ ਵਿਸ਼ਾ ਸੀ ਜਿਹੜਾ ਉਸ ਨੂੰ ਨੂਹ ਵੱਲ ਲੈ ਗਿਆ ਸੀ। ਇਕ ਹੋਰ ਵੀ ਸਮਾਂ ਸੀ ਜਦੋਂ ਪਰਮੇਸ਼ੁਰ ਮਨੁੱਖਜਾਤੀ ਉੱਤੇ ਵਿਸ਼ਵਵਿਆਪੀ ਸਜ਼ਾ ਲੈ ਕੇ ਆਇਆ ਸੀ। ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਸ ਗੱਲ ਨੂੰ ਜਾਣ ਲੈਣ ਕਿ ਨੂਹ ਦੇ ਸਮੇਂ ਵਿਚ ਨਿਆਂ ਮਸੀਹ ਦੀ ਗੈਰ-ਮੌਜੂਦਗੀ ਵਿਚ ਨਹੀਂ ਸੀ ਹੋਇਆ। ਆਤਮਿਕ ਤੌਰ ਤੇ, ਗੈਰ- ਸੰਸਾਰਕ ਤੌਰ ਤੇ, ਜਦੋਂ ਨੂਹ ਨੇ ਪ੍ਰਚਾਰ ਕੀਤਾ ਅਤੇ ਆਪਣੀ ਪੀੜ੍ਹੀ ਦੇ ਲੋਕਾਂ ਨੂੰ ਚਿਤਾਵਨੀ ਦਿੱਤੀ, ਜਦੋਂ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦਾ ਵਚਨ ਸੁਣਾਇਆ, ਇਹ ਮਸੀਹ ਹੀ ਸੀ ਜਿਹੜਾ ਨੂਹ ਦੇ ਰਾਹੀਂ ਉਨ੍ਹਾਂ ਨਾਲ ਗੱਲਾਂ ਕਰ ਰਿਹਾ ਸੀ। ਰਸੂਲ ਨੇ ਸ਼ਾਇਦ ਉਹੀ ਜ਼ੋਰ ਨਾਲ ਕਿਹਾ ਸੀ ਕਿ ਮਸੀਹ ਮੂਸਾ ਜਾਂ ਯਸਾਯਾਹ ਦੇ ਮੂੰਹ ਰਾਹੀਂ ਬੋਲਿਆ ਸੀ, ਪਰ ਨੂਹ ਢੁਕਵਾਂ ਹੈ ਕਿਉਂਕਿ ਪਰਮੇਸ਼ੁਰ ਨੇ ਨੂਹ ਦੇ ਦਿਨੀਂ ਸੰਸਾਰ ਦਾ ਨਿਆਂ ਕੀਤਾ ਸੀ। ਉਸ ਦਿਨ ਪਰਮੇਸ਼ੁਰ ਨੇ ਆਪਣੇ ਆਪ ਨੂੰ, ਆਪਣੀ ਸ਼ਕਤੀ ਨੂੰ ਅਤੇ ਆਪਣੇ ਉਦੇਸ਼ਾਂ ਨੂੰ ਪਰਗਟ ਕੀਤਾ ਸੀ। ਪਰਮੇਸ਼ੁਰ ਵਿਸ਼ਵਵਿਆਪੀ ਨਿਆਂ ਵਿਚ ਆਪਣੇ ਆਪ ਨੂੰ ਪਤਰਸ, ਉਸ ਦੇ ਪਾਠਕਾਂ ਅਤੇ ਉਨ੍ਹਾਂ ਦੇ ਸਤਾਉਣ ਵਾਲਿਆਂ ਤੇ ਵੀ ਪਰਗਟ ਕਰੇਗਾ। ਯਿਸੂ ਆਤਮਿਕ ਤੌਰ ਤੇ ਨੂਹ ਅਤੇ ਉਸ ਨਿਆਂ ਰਾਹੀਂ ਗੱਲ ਕਰ ਰਿਹਾ ਸੀ। ਉਸੇ ਤਰ੍ਹਾਂ, ਯਿਸੂ ਆਤਮਿਕ ਤੌਰ ਤੇ ਪਤਰਸ ਅਤੇ ਹੋਰ ਰਸੂਲੀ ਗਵਾਹਾਂ ਰਾਹੀਂ ਬੋਲ ਰਿਹਾ ਸੀ। ਉਨ੍ਹਾਂ ਦੇ ਮਨਾਦੀ ਕਰਨ ਤੋਂ ਬਾਅਦ ਨਿਸ਼ਚਤ ਤੌਰ ਤੇ ਨਿਆਂ ਵੀ ਹੋਵੇਗਾ।

ਸਿਰਫ ਇਹੋ ਕਹਿਣਾ ਬਾਕੀ ਹੈ ਕਿ ਬੰਦਾਂ ਦੀ ਇਹ ਸਮਝ ਵਾਪਸ ਅਗਸਟਿਨ (ਪਹਿਲੀ ਸਦੀ ਈਸਵੀ) ਤੱਕ ਜਾਂਦੀ ਹੈ ਅਤੇ ਇਸ ਦਾ ਬਚਾਅ ਅੱਜ ਕੱਲ੍ਹ ਦੇ ਯੋਗ ਵਿਦਵਾਨਾਂ ਦੁਆਰਾ ਕੀਤਾ ਜਾਂਦਾ ਹੈ। ਯਿਸੂ ਜਾਂਦਾ ਹੈ ਅਤੇ ਮਨਾਦੀ ਕਰ ਰਿਹਾ ਹੈ ਇਸ ਨੂੰ ਆਤਮਕਿ ਵਜੋਂ ਉੱਤਮ ਸਮਝਿਆ ਜਾਂਦਾ ਹੈ, ਅਰਥਾਤ, ਗੈਰ-ਸਰੀਰਕ ਜਾਣਾ ਹੈ। ਯਿਸੂ ਨੇ ਇਕ ਸਮੇਂ ਦੌਰਾਨ

ਪਰਮੇਸ਼ੁਰ ਦੇ ਬੁਲਾਰੇ ਨੂਹ ਦੇ ਰਾਹੀਂ ਬੋਲਿਆ ਜਦੋਂ ਪਰਮੇਸ਼ੁਰ ਦਾ ਨਿਆਂ ਛੇਤੀ ਆਉਣ ਵਾਲਾ ਅਤੇ ਵਿਸ਼ਵਵਿਆਪੀ ਸੀ। ਜਦੋਂ ਨੂਹ ਬੋਲਿਆ, ਯਿਸੂ ਬੋਲਿਆ; ਜਦੋਂ ਪਤਰਸ ਬੋਲਿਆ, ਯਿਸੂ ਬੋਲਿਆ।

3:19 ਦੀ ਇਕ ਹੋਰ ਸਮਝ ਹੈ ਜੋ ਵਿਚਾਰ ਕਰਨ ਲਾਇਕ ਹੈ। ਇਹ ਸਿੱਖਿਆ ਕਿ ਆਪਣੀ ਸਲੀਬੀ ਮੌਤ ਅਤੇ ਜੀ ਉੱਠਣ ਵਿਚਕਾਰ ਜਥਾਰਥ ਰੂਪ ਵਿਚ ਮੁਰਦਿਆਂ ਦੀ ਦੁਨੀਆ ਵਿਚ ਗਿਆ, ਅਖੌਤੀ *ਡਿਸੈਂਸਸ*, ਪੁਰਾਣੇ ਜ਼ਮਾਨੇ ਦੀ ਕਲੀਸੀਆ ਵਿਚ ਆਮ ਭੰਡਾਰ ਸੀ। ਪਤਾਲ ਵਿਚ ਯਿਸੂ ਦੇ ਜਾਣ ਦਾ ਉਦੇਸ਼ ਦੀਆਂ ਕਈ ਵਿਆਖਿਆਵਾਂ ਸਨ। ਸ਼ਾਇਦ ਇਹ ਜਿੱਤ ਦਾ ਐਲਾਨ ਕਰਨ ਲਈ ਸੀ, ਵਿਸ਼ਵਾਸੀ ਨੂੰ ਮੁੜ ਭਰੋਸਾ ਦੇਣ ਲਈ ਅਤੇ ਖੁਦ ਨੂੰ ਉਸ ਤੇ ਪਰਗਟ ਕਰਨ ਲਈ ਸੀ ਅਤੇ ਦੁਸ਼ਟ ਦੀ ਸਜ਼ਾ ਦਾ ਐਲਾਨ ਕਰਨ ਲਈ ਸੀ। ਰਸੂਲਾਂ ਦੇ ਕਰਤੱਬ 2:27 ਅਤੇ ਅਫ਼ਸੀਆਂ 4:9 ਵਰਗੇ ਬੰਦ ਸਿੱਖਿਆ ਦੇ ਸਮਰਥਨ ਲਈ ਮੰਗ ਕਰਦੇ ਸਨ। ਰਸੂਲਾਂ ਦਾ ਅਕੀਦਾ ਇਸ ਦੇ ਨਵੇਂ ਰੂਪ ਵਿਚ ਜਿਸ ਦੀ ਮਿਤੀ (c. 360 ਈਸਵੀ) ਤੋਂ ਸੀ ਉਸ ਵਿਚ ਇਹ ਵਾਕ ਸੀ "ਉਹ ਹੇਠਾਂ ਨਰਕ ਵਿਚ ਗਿਆ।" ਇਹ ਦਲੀਲ ਦਿੱਤੀ ਜਾਂਦੀ ਹੈ ਕਿ ਯਿਸੂ ਉਸ ਖੇਤਰ ਵਿਚ ਹੇਠਾਂ ਗਿਆ ਜਿੱਥੇ ਰੂਹਾਂ ਅੰਤ ਸਮੇਂ ਦੀ ਉਡੀਕ ਕਰ ਰਹੀਆਂ ਸਨ, ਉਹ ਥਾਂ ਜਿੱਥੇ ਯਿਸੂ ਸਲੀਬੀ ਮੌਤ ਤੋਂ ਬਾਅਦ ਡਾਕੂ ਨਾਲ ਗਿਆ ਸੀ (ਲੂਕਾ 23:43), ਉਹ ਥਾਂ ਜਿੱਥੇ ਆਗਿਆਕਾਰ ਅਤੇ ਅਣਆਗਿਆਕਾਰ ਲੋਕ ਆਖ਼ਰੀ ਨਿਆਂ ਦੀ ਉਡੀਕ ਕਰਦੇ ਹਨ।

ਜਦ ਕਿ ਕਈਆਂ ਨੇ *ਡਿਸੈਂਸਸ* ਵਿਚ "ਦੂਜੇ ਮੌਕੇ" ਦਾ ਅਧਿਆਤਮਕ ਸ਼ਾਸਤਰ ਵੇਖਣ ਦੀ ਕੋਸ਼ਿਸ਼ ਕੀਤੀ ਹੈ, ਜ਼ਰੂਰੀ ਨਹੀਂ ਹੈ ਕਿ ਉਹ ਸਿੱਖਿਆ ਦੀ ਉਲਝਣ ਹੈ। ਹੋਰ ਵੀ ਕਾਰਣ ਹਨ ਕਿ ਕਿਉਂ ਯਿਸੂ ਹੇਠਾਂ ਪਤਾਲ ਵਿਚ ਗਿਆ ਹੋਵੇਗਾ। ਇਹ ਗੱਲ ਸਮਝ ਤੋਂ ਪਰੇ ਹੈ ਕਿ ਪਤਰਸ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਯਿਸੂ ਆਪਣੀ ਸਲੀਬੀ ਮੌਤ ਤੋਂ ਬਾਅਦ ਆਤਮਿਆਂ ਜਾਂ ਮੁਰਦਿਆਂ ਦੀਆਂ ਆਤਮਾਵਾਂ ਦੇ ਸੰਸਾਰ ਵਿਚ ਗਿਆ ਅਤੇ ਮਨਾਦੀ ਕੀਤੀ, ਜਦੋਂ ਉਹ ਆਤਮਾ ਕਰਕੇ ਜਿਵਾਲਿਆ ਗਿਆ। ਫਿਰ ਵੀ, ਜੇਕਰ ਪਤਰਸ ਦਾ ਅਰਥ ਇਹੋ ਹੈ, ਤਾਂ ਉਨ੍ਹਾਂ ਵਿਚਾਰਾਂ ਦੇ ਪ੍ਰਤੀ ਉਸ ਦੇ ਸ਼ਬਦਾਂ ਦੇ ਢੁਕਵੇਂਪਣ ਨੂੰ ਵੇਖਣਾ ਮੁਸ਼ਕਲ ਹੈ ਜੋ ਤੁਰੰਤ ਪਹਿਲਾਂ ਆਉਂਦੇ ਹਨ। ਯਿਸੂ ਦਾ ਪਤਾਲ ਵਿਚ ਹੇਠਾਂ ਜਾਣਾ ਸੰਦਰਭ ਵਿਚ ਇਕ ਬੇਤੁਕੇ ਵਿਚਾਰ ਵਾਂਗ ਫਿਟ ਬੈਠਦਾ ਹੈ। ਇਸ ਤੋਂ ਇਲਾਵਾ, ਇਹ ਧਾਰਣਾ ਕਿ ਯਿਸੂ ਪ੍ਰਚਾਰ ਕਰਨ ਦੇ ਲਈ ਹੇਠਾਂ ਪਤਾਲ ਵਿਚ ਗਿਆ, ਬਾਕੀ ਦੇ ਨਵੇਂ ਨੇਮ ਵਿਚ ਇਸ ਨੂੰ ਅਸਿੱਧਾ ਸਮਰਥਨ ਮਿਲਦਾ ਹੈ। ਇਹ ਗੱਲ ਸਮਝ ਤੋਂ ਪਰੇ ਨਹੀਂ ਹੈ ਕਿ ਪਤਰਸ ਨੇ ਅਜਿਹੇ ਹੇਠਾਂ ਜਾਣ ਦਾ ਹਵਾਲਾ ਦਿੱਤਾ; ਨਾ ਹੀ ਇਸ ਦੀ ਸੰਭਾਵਨਾ ਲੱਗਦੀ ਹੈ। ਅਸੀਂ ਇਹ ਸਿੱਟਾ ਕੱਢਦੇ ਹਾਂ ਕਿ "ਜਿਹ ਦੇ ਵਿੱਚ" ਪੜਨਾਂਵ ਪੂਰਵਗਾਮੀ "ਆਤਮਾ" ਹੈ, ਪਿਛਲੀ ਆਇਤ ਵਿਚ ਆਖ਼ਰੀ ਸ਼ਬਦ ਅਤੇ ਆਤਮਾ ਨੂੰ ਛੋਟੇ ਅੱਖਰ ਨਾਲ ਲਿਖਿਆ ਜਾਣਾ ਚਾਹੀਦਾ ਹੈ। ਹੋਰ ਮਾਮਲਿਆਂ ਵਿਚ ਜਿੱਥੇ ਪਤਰਸ ਨੇ "ਜਿਹ ਦੇ ਵਿੱਚ" ਸ਼ਬਦਾਂ ਦੀ ਵਰਤੋਂ ਕੀਤੀ ਪੜਨਾਂਵ ਪਿਛਲੇ ਸੰਦਰਭ ਦਾ ਹਵਾਲਾ ਦਿੰਦਾ ਜਾਪਦਾ ਹੈ, ਪਰ ਇਸ ਵਾਕ ਦੀ ਵਰਤੋਂ ਕੁਝ ਖਾਸ ਹੈ। ਹਰ ਘਟਨਾ ਨੂੰ ਇਸ ਦੀ ਯੋਗਤਾ ਅਨੁਸਾਰ ਲੈਣ ਦੀ ਲੋੜ ਹੈ। ਜਿਸ ਤਰੀਕੇ ਨਾਲ 3:19 ਵਿਚ ਪੜਨਾਂਵ ਦੀ ਵਰਤੋਂ ਕੀਤੀ ਗਈ ਹੈ, ਇਸ ਨੂੰ "ਆਤਮਾ" ਦਾ ਹਵਾਲਾ ਦੇਣ ਲਈ ਸਮਝਣਾ ਸੁਭਾਵਕ ਹੈ, ਇਹ ਲਗਭਗ ਪੂਰਵਗਾਮੀ ਹੈ।

**ਆਇਤ 20.** ਉਹ ਲੋਕ ਜਿਹੜੇ ਪਤਾਲ ਵਿਚ ਸਨ ਜਦੋਂ ਪਤਰਸ ਨੇ ਲਿਖਿਆ, **ਜਿਹੜੇ ਪਿੱਛਲੇ ਸਮੇਂ ਅਣਆਗਿਆਕਾਰੀ ਸਨ**, ਉਹ ਲੋਕ ਸਨ ਜਿਨ੍ਹਾਂ ਦੀ ਮਸੀਹ ਨੇ ਮਨਾਦੀ ਕੀਤੀ ਸੀ। ਉਨ੍ਹਾਂ ਲੋਕਾਂ ਦੀ ਅਣਆਗਿਆਕਾਰੀ ਜਿਹੜੇ ਨੂਹ ਦੇ ਸਮੇਂ ਵਿਚ ਰਹਿੰਦੇ ਸਨ ਉਨ੍ਹਾਂ ਦੀ

ਅਣਆਗਿਆਕਾਰੀ ਦੇ ਸਮਾਨ ਹੈ ਜਿਨ੍ਹਾਂ ਨੇ ਪਤਰਸ ਦੇ ਸਮੇਂ ਵਿਚ ਮਸੀਹੀ ਲੋਕਾਂ ਨੂੰ ਸਤਾਇਆ। ਦੋਵਾਂ ਹਾਲਾਤਾਂ ਵਿਚ, ਅਣਆਗਿਆਕਾਰ "ਉਸ ਨੂੰ ਲੇਖਾ ਦੇਣਗੇ ਜਿਹੜਾ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਉਂ ਕਰਨ ਨੂੰ ਤਿਆਰ ਹੈ" (4:5)। ਪਰਮੇਸ਼ੁਰ ਨੇ ਪੁਰਤਾਨ ਸੰਸਾਰ ਨੂੰ ਲੋਕਾਂ ਦੀ ਬੁਰਿਆਈ ਲਈ ਬਿਨਾਂ ਸੋਚੇ ਸਮਝੇ ਪ੍ਰਤੀਕਿਰਿਆ ਕਰਕੇ ਨਾਸ ਨਹੀਂ ਕੀਤਾ। ਜਿਵੇਂ **ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ**, ਉਸ ਦਾ ਧੀਰਜ ਪਤਰਸ ਦੇ ਦਿਨੀਂ ਉਡੀਕ ਕਰ ਰਿਹਾ ਸੀ। ਦੂਜੀ ਪੱਤ੍ਰੀ ਵਿਚ, ਰਸੂਲ ਇਹ ਕਹੇਗਾ ਕਿ ਪਰਮੇਸ਼ੁਰ "ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਮਸੀਹ ਨੇ ਨੂਹ ਦੀ ਪੀੜ੍ਹੀ ਨੂੰ ਪ੍ਰਚਾਰ ਕੀਤਾ ਜਦੋਂ ਨੂਹ ਨੇ ਉਨ੍ਹਾਂ ਨੂੰ ਪ੍ਰਚਾਰ ਕੀਤਾ ਸੀ, ਜਦੋਂ ਉਹ ਜੀਉਂਦੇ ਸਨ। ਨੂਹ ਦੀ ਪੀੜ੍ਹੀ ਨੇ ਪ੍ਰਚਾਰ ਦੀ ਬੇਪਰਤੀਤੀ ਕੀਤੀ ਸੀ। ਅੰਤ ਵਿਚ, ਨੂਹ ਨਿਰਦੋਸ਼ ਠਹਿਰਿਆ ਸੀ; ਬੇਪਰਤੀਤੀ ਕਰਨ ਵਾਲੇ ਦੋਸ਼ੀ ਠਹਿਰੇ ਸਨ। ਪਤਰਸ ਦੀ ਪੀੜ੍ਹੀ ਦੇ ਲੋਕਾਂ ਨਾਲ ਵੀ ਉਨ੍ਹਾਂ ਦੇ ਵਾਂਗ ਹੀ ਹੋਵੇਗਾ।

ਉਸ ਸਮੇਂ ਦੇ ਦੌਰਾਨ ਜਦੋਂ ਮਸੀਹ ਨੂਹ ਅਰਥਾਤ "ਧਰਮ ਦੇ ਪਰਚਾਰਕ" ਦੇ ਸ਼ਬਦਾਂ ਰਾਹੀਂ ਪੁਰਾਤਨ ਲੋਕਾਂ ਨੂੰ ਚਿਤਾਵਨੀ ਦੇ ਰਿਹਾ ਸੀ (2 ਪਤਰਸ 2:5), ਪਰਮੇਸ਼ੁਰ ਹੋਰ ਸਪੱਸ਼ਟ ਚਿਤਾਵਨੀਆਂ ਦੇ ਰਿਹਾ ਸੀ। ਨੂਹ ਉਦੋਂ ਪਰਚਾਰ ਕਰ ਰਿਹਾ ਸੀ **ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ**। ਮਸੀਹ ਦੇ ਬੁਲਾਰੇ ਨੂਹ ਦੇ ਵਾਂਗ, ਪਤਰਸ ਵੀ ਆਪਣੀ ਪੀੜ੍ਹੀ ਦੇ ਲੋਕਾਂ ਨੂੰ ਪਰਤੱਖ ਚਿਤਾਵਨੀਆਂ ਦੇ ਰਿਹਾ ਸੀ। ਪਤਰਸ ਅਤੇ ਹੋਰ ਰਸੂਲੀ ਗਵਾਹਾਂ ਦੇ ਪਰਚਾਰ ਰਾਹੀਂ, ਕਲੀਸੀਆ ਹੋਂਦ ਵਿਚ ਆ ਰਹੀ ਸੀ। ਸ਼ੁਰੂ-ਸ਼ੁਰੂ ਵਿਚ ਰਸੂਲ ਨੇ ਕਲੀਸੀਆ ਨੂੰ ਪਰਮੇਸ਼ੁਰ ਦਾ "ਆਤਮਕ ਘਰ" (2:5) ਆਖਿਆ ਸੀ। ਜਿਵੇਂ ਨੂਹ ਦੀ ਪੀੜ੍ਹੀ ਦੇ ਕੁਝ ਲੋਕ ਬਚਾਏ ਗਏ ਜਦੋਂ ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਹੋ ਰਹੀ ਬੁਰਿਆਈ ਤੋਂ ਆਸਰਾ ਭਾਲਿਆ, ਉਸੇ ਤਰ੍ਹਾਂ ਪਤਰਸ ਦੀ ਪੀੜ੍ਹੀ ਦੇ ਕੁਝ ਲੋਕ ਬਚਾਏ ਜਾ ਰਹੇ ਸਨ ਜਦੋਂ ਉਨ੍ਹਾਂ ਨੂੰ ਪਰਮੇਸ਼ੁਰ ਦੇ ਆਤਮਕ ਘਰ ਵਿਚ ਆਸਰਾ ਮਿਲਿਆ। ਮਸੀਹੀ ਲੋਕ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਿਤ ਕੀਤਾ ਸੀ ਉਨ੍ਹਾਂ ਕੋਲ ਵੀ ਇਕ ਕਿਸ਼ਤੀ ਸੀ ਜਿੱਥੇ ਉਨ੍ਹਾਂ ਨੂੰ ਆਸਰਾ ਮਿਲ ਸਕਦਾ ਸੀ ਜਦੋਂ ਪਰਮੇਸ਼ੁਰ ਦਾ ਨਿਆਂ ਆਵੇਗਾ। 3:20 ਵਿਚ "ਕਿਸ਼ਤੀ" ਪਤਰਸ ਦੇ ਪਾਠਕਾਂ ਲਈ "ਆਤਮਕ ਘਰ" ਅਤੇ 2:5 ਦੇ "ਜਾਜਕਾਂ ਦੀ ਪਵਿੱਤਰ ਮੰਡਲੀ" ਦੇ ਰੂਪ ਵਿਚ ਹੈ। ਇਹ ਸੱਚ ਹੈ ਕਿ ਮਸੀਹੀ ਲੋਕ ਗਿਣਤੀ ਵਿਚ ਘੱਟ ਸਨ, ਪਰ ਜਦੋਂ ਨੂਹ ਨੇ ਕਿਸ਼ਤੀ ਬਣਾਈ ਉੱਥੇ ਸਿਰਫ **ਥੋੜੇ ਅਰਥਾਤ ਅੱਠ ਜਣੇ** ਪਾਣੀ ਤੋਂ ਬਚ ਗਏ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ ਕਿ ਪਤਰਸ ਦੀ ਸਮਕਾਲੀ ਪੀੜ੍ਹੀ ਦੇ ਥੋੜ੍ਹੇ ਜਿਹੇ ਲੋਕ ਬਚ ਜਾਣਗੇ।

ਨੂਹ ਦੀ ਮਿਸਾਲ (ਇਹ ਲਗਭਗ ਇਕ ਦੁਅਰਥੀ ਗੱਲ ਹੈ), ਕਿਸ਼ਤੀ ਅਤੇ ਨੂਹ ਦੀ ਬੁਰੀ ਪੀੜ੍ਹੀ ਨੇ ਹੁਣ ਤੱਕ ਚੰਗਾ ਕੰਮ ਕੀਤਾ ਹੈ। ਫਿਰ ਵੀ, ਜਦੋਂ ਪਤਰਸ ਨੇ ਲਿਖਿਆ ਕਿ ਨੂਹ ਦੀ ਪੀੜ੍ਹੀ ਦੇ ਅੱਠ ਜਣੇ **ਪਾਣੀ ਤੋਂ ਬਚ ਗਏ**, ਤਾਂ ਸਾਨੂੰ ਬੜੇ ਧਿਆਨ ਨਾਲ ਅੱਗੇ ਵਧਣਾ ਚਾਹੀਦਾ ਹੈ। ਯੂਨਾਨੀ ਲਿਖਤ, ਜਿਸ ਦਾ ਜ਼ਿਆਦਾਤਰ ਜਥਾਰਥ ਰੂਪ ਵਿਚ ਅਨੁਵਾਦ ਕੀਤਾ ਗਿਆ ਹੈ, ਕਹਿੰਦੀ ਹੈ, "ਉਹ ਪਾਣੀ ਵਿੱਚੋਂ ਬਚ ਗਏ।" ਇਹ ਇਕ ਅਜੀਬ ਗੱਲ ਹੈ। ਕੋਈ ਵਿਅਕਤੀ ਲਿਖਤ ਤੋਂ ਇਹ ਕਹਿਣ ਦੀ ਉਮੀਦ ਕਰ ਸਕਦਾ ਹੈ ਕਿ ਅੱਠ ਜਣੇ "ਪਾਣੀ ਤੋਂ ਬਚ ਗਏ," ਨਾ ਕਿ "ਪਾਣੀ ਵਿੱਚੋਂ ਬਚ ਗਏ।" ਉਹ ਨਿਸ਼ਚਤ ਤੌਰ ਤੇ ਜਲ ਪਰਲੋ ਦੇ ਵਸੀਲੇ ਰਾਹੀਂ ਨਹੀਂ ਸੀ ਬਚੇ, ਕੀ ਬਚੇ ਸੀ? ਸ਼ਾਇਦ ਪਤਰਸ ਦੇ ਕਹਿਣ ਦਾ ਅਰਥ ਸੀ ਕਿ ਅੱਠ ਜਣੇ "ਪਾਣੀ ਵਿੱਚੋਂ"

ਉਸ ਨਿਆਂ ਤੋਂ ਬਚ ਗਏ ਜੋ ਪਰਮੇਸ਼ੁਰ ਉਨ੍ਹਾਂ ਦੀ ਉਸ ਸਮੇਂ ਦੀ ਪੀੜ੍ਹੀ ਉੱਤੇ ਲੈ ਕੇ ਆਇਆ ਸੀ। ਜੇਕਰ ਉਸ ਦਾ ਅਰਥ ਇਹ ਹੈ, ਇਹ ਪਾਣੀ ਸੀ ਜਿਸ ਨੇ ਉਨ੍ਹਾਂ ਨੂੰ ਬਚਾਇਆ। ਪਾਣੀ ਨੇ ਧਰਤੀ ਉੱਤੇ ਮਨੁੱਖਜਾਤੀ ਦੇ ਪਾਪਾਂ ਨੂੰ ਧੋ ਸੁੱਟਿਆ ਅਤੇ ਅੱਠ ਜਣਿਆਂ ਨੂੰ ਉਸੇ ਨਿਆਂ ਤੋਂ ਬਚਾ ਲਿਆ ਜਿਸ ਦਾ ਅਣਆਗਿਆਕਾਰੀ ਲੋਕਾਂ ਨੇ ਅਨੁਭਵ ਕੀਤਾ ਸੀ। ਜੇਕਰ ਉਹ ਪਾਣੀ ਨਾਲ ਨਾ ਧੋਤੇ ਜਾਂਦੇ, ਉਨ੍ਹਾਂ ਨੇ ਆਪਣੇ ਆਪ ਨੂੰ ਉਸ ਬੁਰਿਆਈ ਦੇ ਜਾਲ ਵਿਚ ਫਸਾ ਲੈਣਾ ਸੀ ਜੋ ਉਨ੍ਹਾਂ ਦੇ ਆਲੇ-ਦੁਆਲੇ ਸੀ।

ਇਹ ਪੁੱਛਣਾ ਬੇਤੁਕੀ ਗੱਲ ਹੈ ਕਿ ਪਤਰਸ "ਪਾਣੀ" ਦੀ ਗੱਲ ਨੂੰ ਕਿਉਂ ਸਾਹਮਣੇ ਲਿਆਇਆ। ਅਗਲੀਆਂ ਆਇਤਾਂ ਇਸ ਗੱਲ ਨੂੰ ਸਪੱਸ਼ਟ ਕਰਦੀਆਂ ਹਨ। ਉਹ ਇਸ ਗੱਲ ਨੂੰ ਸਾਹਮਣੇ ਇਸ ਲਈ ਲਿਆਇਆ ਕਿਉਂਕਿ ਉਸ ਦਾ ਵਿਸ਼ਾ ਨੂਹ ਦੀ ਪੀੜ੍ਹੀ ਦੇ ਅੱਠ ਜਣਿਆਂ ਦੀ ਮੁਕਤੀ ਸੀ। ਹੁਣ ਤੱਕ ਪਤਰਸ ਦਾ ਵਿਸ਼ਾ ਉਸ ਦੇ ਪਾਠਕਾਂ ਦੀ ਮੁਕਤੀ ਹੈ। ਉਹ ਮਸੀਹੀ ਲੋਕ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਿਤ ਕੀਤਾ ਸੀ, ਨੂਹ ਦੇ ਸਮੇਂ ਦੇ ਅੱਠ ਜਣਿਆਂ ਵਾਂਗ, ਆਪਣੇ ਸਾਥੀਆਂ ਕੋਲੋਂ ਬਚਾ ਲਏ ਗਏ ਸਨ (1) ਜਦੋਂ ਪਰਮੇਸ਼ੁਰ ਨਿਆਂ ਲੈ ਕੇ ਆਇਆ ਅਤੇ (2) ਪਾਣੀ ਰਾਹੀਂ। ਠੀਕ ਹੈ ਇਹ ਮਿਸਾਲ ਪੂਰੀ ਢੁਕਵੀਂ ਨਹੀਂ ਹੈ, ਪਰ ਇਹ ਪਤਰਸ ਦੇ ਪਾਠਕਾਂ ਨੂੰ ਇਹ ਭਰੋਸਾ ਜ਼ਰੂਰ ਦਿੰਦੀ ਹੈ ਕਿ ਜਿਸ ਤਰੀਕੇ ਨਾਲ ਪਰਮੇਸ਼ੁਰ ਨੇ ਬੀਤੇ ਸਮੇਂ ਵਿਚ ਕੰਮ ਕੀਤਾ ਸੀ ਅਤੇ ਜਿਸ ਤਰੀਕੇ ਨਾਲ ਉਹ ਹੁਣ ਉਨ੍ਹਾਂ ਨਾਲ ਕੰਮ ਕਰ ਰਿਹਾ ਸੀ ਵਿਚਕਾਰ ਕਾਫੀ ਸਮਾਨਤਾਵਾਂ ਸਨ। ਪਤਰਸ ਨੇ ਪਹਿਲਾਂ ਵੀ ਕਿਹਾ ਸੀ ਕਿ ਅਵਿਨਾਸੀ ਬੀਜ "ਦੁਬਾਰਾ ਜਨਮ" ਲਿਆ ਸੀ। ਉਨ੍ਹਾਂ ਨੇ ਉਸ ਸਮੇਂ ਦੁਬਾਰਾ ਜਨਮ ਲਿਆ ਸੀ ਜਦੋਂ ਉਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਲਿਆ ਸੀ (1:3, 23 ਤੇ ਟਿੱਪਣੀਆਂ ਵੇਖੋ)। ਪਾਣੀ ਵਿਚ ਉਨ੍ਹਾਂ ਦਾ ਬਪਤਿਸਮਾ ਉਹ ਥਾਂ ਸੀ ਜਿੱਥੇ ਉਨ੍ਹਾਂ ਨੇ ਮਸੀਹ ਨੂੰ ਪਹਿਨਿਆ ਸੀ (ਗਲਾਤੀਆਂ 3:27), ਉਸ ਦੇ ਲੋਕ ਬਣੇ ਸਨ ਅਤੇ ਉਸ ਦੇ ਅਧਕਾਰ ਵਿਚ ਸਾਂਝੀ ਹੋਏ ਸਨ। ਨੂਹ ਦੇ ਸਮੇਂ ਵਿਚ ਅੱਠ ਜਣਿਆਂ ਦੀ ਮੁਕਤੀ ਅਨੇਕ ਗੱਲਾਂ ਵਿਚ ਪਤਰਸ ਦੇ ਪਾਠਕਾਂ ਦੀ ਮੁਕਤੀ ਦੇ ਸਮਾਨ ਹੈ। ਨੂਹ ਦੇ ਸਮੇਂ ਵਿਚ ਪਾਣੀਆਂ ਨੇ ਧਰਤੀ ਦੀ ਭਰਿਸ਼ਟਤਾ ਨੂੰ ਧੋ ਸੁੱਟਿਆ ਤਾਂ ਕਿ ਨੂਹ ਅਤੇ ਉਸ ਦਾ ਟੱਬਰ ਆਪਣੀ ਪੀੜ੍ਹੀ ਦੇ ਪ੍ਰਭਾਵਾਂ ਤੋਂ ਮੁਕਤ ਹੋ ਸਕਣ। ਪਾਣੀ ਦੇ ਬਪਤਿਸਮੇ ਵਿਚ, ਪਤਰਸ ਦੇ ਪਾਠਕਾਂ ਨੇ ਉਨ੍ਹਾਂ ਦੇ ਪਾਪਾਂ ਨੂੰ ਦੂਰ ਕਰਨ ਲਈ ਯਿਸੂ ਦੇ ਲਹੂ ਦੀ ਸ਼ਕਤੀ ਦਾ ਅਨੁਭਵ ਕੀਤਾ ਸੀ। ਕਿਉਂਕਿ ਉਸ ਦੇ ਪਾਠਕਾਂ ਲਈ ਬਪਤਿਸਮੇ ਦਾ ਜੋ ਅਰਥ ਸੀ, ਰਸੂਲ ਚਾਹੁੰਦਾ ਸੀ ਕਿ ਉਹ ਵੇਖਣ ਕਿ ਜਿਨ੍ਹਾਂ ਨੇ ਮਸੀਹ ਦੇ ਬੁਲਾਰੇ ਨੂਹ ਦੇ ਮੁਖ ਰਾਹੀਂ ਮਨਾਦੀ ਕੀਤੀ ਸੀ, ਆਪਣੇ ਆਪ ਵਿਚ, "ਪਾਣੀ ਦੇ ਰਾਹੀਂ" ਬਚਾਏ ਗਏ ਸਨ।

**ਆਇਤ 21.** 1 ਪਤਰਸ ਵਿਚ ਸਿਰਫ ਇਹੋ ਇਕ ਥਾਂ ਹੈ ਜਿੱਥੇ **ਬਪਤਿਸਮਾ** ਸ਼ਬਦ ਸਪੱਸ਼ਟ ਤੌਰ ਤੇ ਆਉਂਦਾ ਹੈ; ਇਸ ਬੰਦ ਵਿਚ ਇਸ ਦੇ ਮਹੱਤਵ ਬਾਰੇ ਕੋਈ ਸ਼ੱਕ ਨਹੀਂ ਹੈ। NASB ਬਾਈਬਲ ਦਾ ਅਨੁਵਾਦ ਜੋ ਕਿ **ਉਸ ਦੇ ਸਮਰੂਪੀ ਹੈ** ਪਤਰਸ ਦੇ ਸ਼ਬਦਾਂ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਜ਼ਿਆਦਾ ਜਥਾਰਥ ਰੂਪ ਵਿਚ ਉਸ ਨੇ ਕਿਹਾ ਸੀ ਕਿ ਪਾਣੀ "ਪ੍ਰਤੀਰੂਪ" (ἀντίτυπος, *ਐਂਟੀਟੁਪੋਸ*) ਸੀ। ਇਹ ਸ਼ਬਦ ਨਵੇਂ ਨੇਮ ਵਿਚ ਸਿਰਫ ਦੂਜੀ ਵਾਰ ਆਇਆ ਹੈ, ਦੂਜੀ ਥਾਂ ਜਿੱਥੇ ਇਹ ਸ਼ਬਦ ਆਉਂਦਾ ਹੈ ਉਹ ਹੈ ਇਬਰਾਨੀਆਂ 9:24. ਵਿਸ਼ਾ ਮੁਕਤੀ ਹੈ। ਜਦੋਂ ਨੂਹ ਦੇ ਸਮੇਂ ਪਾਣੀ ਨੇ ਅੱਠ ਲੋਕਾਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਦੀ ਭਰਿਸ਼ਟ ਪੀੜ੍ਹੀ ਤੋਂ ਬਚਾਇਆ, ਇਹ ਬਪਤਿਸਮੇ ਦਾ ਇਕ "ਰੂਪ" ਪਰਛਾਵਾਂ ਸੀ **ਜੋ ਹੁਣ ਤੁਹਾਨੂੰ ਬਚਾਉਂਦਾ ਹੈ।**

ਰਸੂਲ ਨੇ ਕਲਪਨਾ ਕੀਤੀ ਸੀ ਕਿ ਉਸ ਦੇ ਪਾਠਕ "ਬਪਤਸਿਮੇ" ਦੇ ਮਹੱਤਵ ਬਾਰੇ

ਪਹਿਲਾਂ ਹੀ ਸਿੱਖ ਚੁੱਕੇ ਸਨ। ਉਹ ਸਮਝ ਗਏ ਹੋਣਗੇ ਕਿ ਇਹ ਨਿਰਾ ਮਸ਼ੀਨੀ ਕਾਰਜ ਨਹੀਂ ਸੀ। ਇਸ ਦੀ ਕਾਰਗਰੀ ਸਭ ਤੋਂ ਪਹਿਲਾਂ ਮਸੀਹ ਦੇ ਕੰਮ ਤੋਂ ਉਤਪੰਨ ਹੁੰਦੀ ਹੈ ਜਿਸ ਨੇ ". . . ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ" (3:18)। ਦੂਜਾ, ਇਹ ਉਸ ਦੇ ਪਾਠਕਾਂ ਦੀ ਨਿਹਚਾ ਦੇ ਜਵਾਬ ਤੋਂ ਉਤਪੰਨ ਹੁੰਦਾ ਹੈ। ਜਿਹੜੀ ਗੱਲ ਸਪੱਸ਼ਟ ਹੈ ਉਹ ਇਹ ਹੈ ਕਿ "ਬਪਤਿਸਮਾ" ਮੁਕਤੀ ਦੇ ਲਈ ਅੰਤਕਾ ਨਹੀਂ ਹੈ; ਇਹ "ਅੰਦਰੂਨੀ ਕਿਰਪਾ ਦਾ ਬਾਹਰੀ ਜਵਾਬ" ਨਹੀਂ ਹੈ। ਜਦੋਂ ਮਸੀਹ ਨੇ ਕੰਮ ਕੀਤਾ ਜਦੋਂ ਉਹ ਸਲੀਬ ਉੱਤੇ ਮਰਿਆ, ਉਸੇ ਤਰ੍ਹਾਂ ਉਹ ਉਦੋਂ ਕੰਮ ਕਰਦਾ ਹੈ ਜਦੋਂ ਕੋਈ ਵਿਅਕਤੀ ਬਪਤਿਸਮਾ ਲੈਂਦਾ ਹੈ ਅਤੇ ਉਸ ਦੇ ਪਾਪਾਂ ਨੂੰ ਦੂਰ ਕਰ ਦਿੰਦਾ ਹੈ। "ਬਪਤਿਸਮਾ" ਇਕ ਮਨੁੱਖੀ ਕਾਰਜ ਹੈ, ਪਰ ਇਹ ਇਕ ਰੱਬੀ ਕਾਰਜ ਵੀ ਹੈ। ਪਸ਼ਚਾਤਾਪੀ ਵਿਸ਼ਵਾਸੀ ਬਚਾਇਆ ਜਾਂਦਾ ਹੈ ਜਦੋਂ ਉਹ ਬਪਤਿਸਮਾ ਲੈਂਦਾ ਹੈ (ਰੋਮੀਆਂ 6:3, 4)। ਕੈਲਵਿਨ, ਜ਼ਵਿੰਗਲੀ ਅਤੇ ਹੋਰ ਸੁਧਾਰਕ ਰੋਮਨ ਕੈਥੋਲਿਕਵਾਦ ਦੀਆਂ ਆਪਣੀਆਂ ਆਲੋਚਨਾਵਾਂ ਵਿਚ ਸਹੀ ਸਨ, ਪਰ ਉਨ੍ਹਾਂ ਨੇ ਗਲਤੀ ਕੀਤੀ ਜਦੋਂ ਉਨ੍ਹਾਂ ਨੇ ਇਸ ਧਾਰਣਾ ਨੂੰ ਠੁਕਰਾ ਦਿੱਤਾ ਕਿ ਪਰਮੇਸ਼ੁਰ ਕਾਰਜ ਕਰਦਾ ਹੈ ਜਦੋਂ ਨਿਹਚਾ ਬਪਤਿਸਮੇ ਵਿਚ ਵਿਅਕਤ ਕੀਤੀ ਜਾਂਦੀ ਹੈ।

ਡੀ. ਏ. ਕਾਰਸਨ ਨੇ ਗਲਤੀ ਕੀਤੀ ਜਦੋਂ ਉਸ ਨੇ ਇਹ ਸੁਝਾਅ ਦਿੱਤਾ ਕਿ ਮਸੀਹੀ ਰਵਾਇਤ ਵਿਚ ਇਤਹਾਸਕ ਜੜ੍ਹਾਂ ਤੋਂ ਬਿਨਾਂ ਮਸੀਹ ਦੀਆਂ ਕਲੀਸੀਆਵਾਂ ਦਾ ਬਪਤਿਸਮੇ ਬਾਰੇ ਇਕ ਖਾਸ ਵਿਚਾਰ ਹੈ।[20] ਮਸੀਹੀਅਤ ਦੀਆਂ ਸ਼ੁਰੂਆਤੀ ਸਦੀਆਂ ਵਿਚ ਬਪਤਮਿਸੇ ਬਿਨਾਂ ਕਿਸੇ ਨੇ ਮਸੀਹ ਵਿਚ ਹੋਣ ਬਾਰੇ ਸੋਚਿਆ ਵੀ ਨਹੀਂ ਹੋਵੇਗਾ।[21] ਫਰੈਡ ਗੀਲੀ ਸਹੀ ਸੀ ਜਦੋਂ ਉਸ ਨੇ ਲਿਖਿਆ,

> ਬਪਤਿਸਮਾ ਉਹ ਸਮਾਂ ਸੀ ਜਦੋਂ ਮਨੁੱਖ ਅਸਲ ਵਿਚ ਸਦੀਪਕ ਜੀਵਨ ਵਿਚ ਬੁਲਾਏ ਜਾਂਦੇ ਸਨ। ਇਹ ਸੰਸਾਰ ਤੋਂ ਕਲੀਸੀਆ ਵੱਲ ਨੂੰ ਜਾਣ ਦੀ ਕਿਸੇ ਦੇ ਜੀਵਨ ਦੀ ਇਤਿਹਾਸਕ ਘਟਨਾ ਸੀ, ਜਿਵੇਂ ਕਿ ਹਨੇਰੇ ਦੇ ਸੰਸਾਰ ਦੀ ਇਸ ਵਰਤਮਾਨ ਬੁਰਾਈ ਵਿੱਚੋਂ ਨਿੱਕਲ ਕੇ ਪੁੱਤਰ ਦੇ ਰਾਜ ਵਿਚ ਪਰਮੇਸ਼ੁਰ ਦੇ ਪ੍ਰੇਮ ਵਿਚ ਦੁਬਾਰਾ ਜਨਮ ਲੈਣਾ ਅਸਲ ਵਿਚ ਲੋਕਾਂ ਵਿਚ ਇਕ ਮਸੀਹੀ ਵਿਅਕਤੀ ਦੇ ਸੰਸਾਰ ਤੋਂ ਅੱਡ ਹੋਣ ਅਤੇ ਉਸ ਨੂੰ ਕਲੀਸੀਆ ਵਿਚ ਸਥਾਪਤ ਕਰਨ ਲਈ ਇਕਰਾਰ ਦਾ ਕਾਰਜ ਸੀ।[22]

ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ। ਬਾਈਬਲ ਦੇ ਬਹੁਤ ਸਾਰੇ ਵਿਦਵਾਨ ਜਿਨ੍ਹਾਂ ਦਾ ਮਸੀਹ ਦੀਆਂ ਕਲੀਸੀਆਵਾਂ ਨਾਲ ਕੋਈ ਸੰਬੰਧ ਨਹੀਂ ਹੈ ਦੱਸਦੇ ਹਨ ਕਿ ਨਵੇਂ ਨੇਮ ਅਤੇ ਆਰੰਭਕ ਕਲੀਸੀਆ ਵਿਚ, ਬਪਤਿਸਮਾ, ਮਨ ਬਦਲਨਾ ਅਤੇ ਪਾਪਾਂ ਦੀ ਮਾਫ਼ੀ ਅਟੁੱਟ ਰੂਪ ਵਿਚ ਇਕ ਦੂਜੇ ਨਾਲ ਸੰਬੰਧਿਤ ਸਨ। ਉਹ ਸ਼ਾਇਦ ਇਸ ਗੱਲ ਤੇ ਸਹਿਮਤ ਨਹੀਂ ਹੋਣਗੇ ਜਿਸ ਤਰੀਕੇ ਨਾਲ ਅੱਜ ਕੱਲ੍ਹ ਦੀ ਕਲੀਸੀਆ ਨੇ ਨਵੇਂ ਨੇਮ ਵਿਚ ਮਸੀਹੀ ਲੋਕਾਂ ਦੀ ਰੀਤ ਦੁਆਰਾ ਚੱਲਣਾ ਹੈ, ਪਰ ਬਹੁਤ ਸਾਰੇ ਹਨ ਜੋ ਸਮਝਦੇ ਹਨ ਕਿ ਆਰੰਭਕ ਕਲੀਸੀਆ ਲਈ ਇਹੋ ਜਿਹੀ ਕੋਈ ਚੀਜ਼ ਨਹੀਂ ਸੀ ਜਿਵੇਂ ਕਿ ਕੋਈ ਅਜਿਹਾ ਮਸੀਹੀ ਹੋਵੇ ਜਿਸ ਦਾ ਬਪਤਿਸਮਾ ਨਾ ਹੋਇਆ ਹੋਵੇ। ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਜਦੋਂ ਉਸ ਨੇ ਲਿਖਿਆ, "ਬਪਤਿਸਮਾ ਹੁਣ ਤੁਹਾਨੂੰ ਬਚਾਉਂਦਾ ਹੈ।" ਜਦੋਂ ਪੌਲੁਸ ਨੇ ਲਿਖਿਆ, "ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ" (ਗਲਤੀਆਂ 3:27), ਸਪੱਸ਼ਟ

ਭਾਵ ਅਰਥ ਇਹ ਹੈ ਕਿ ਜਿਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਨਹੀਂ ਸੀ ਲਿਆ ਉਨ੍ਹਾਂ ਨੇ ਮਸੀਹ ਨੂੰ ਨਹੀਂ ਸੀ ਪਹਿਨਿਆ। ਇਹ ਵੀ ਉੱਨਾ ਹੀ ਸਪੱਸ਼ਟ ਹੈ ਕਿ ਸਿਰਫ ਉਹੋ ਲੋਕ ਜਿਨ੍ਹਾਂ ਨੇ ਮਸੀਹ ਨੂੰ ਪਹਿਨਿਆ ਸੀ ਮਸੀਹੀ ਅਧਕਾਰ ਵਿਚ ਭਾਈਵਾਲ ਹੋਣਗੇ।

ਪਤਰਸ ਨੇ ਸਪੱਸ਼ਟ ਕੀਤਾ। ਜਿਸ ਕਿਸੇ ਦਾ ਵੀ ਇਹ ਮੰਨਣਾ ਹੈ ਕਿ "ਬਪਤਿਸਮੇ" ਦਾ ਮਹੱਤਵ ਆਪਣੇ ਆਪ ਵਿਚ ਦੁਨਿਆਵੀ ਰੀਤ ਵਿਚ ਹੁੰਦਾ ਹੈ ਨਵੇਂ ਨੇਮ ਦੀ ਸਿੱਖਿਆ ਨੂੰ ਗਲਤ ਸਮਝਦਾ ਹੈ। ਐਡਵਰਡ ਗੋਰਡੋਨ ਸੈਲਵਿਨ ਦੇ ਸ਼ਬਦਾਂ ਵਿਚ, ਬਪਤਿਸਮਾ "ਨਿਰਾ ਸਰੀਰ ਨੂੰ ਧੋਣ ਦਾ ਕਾਰਜ ਨਹੀਂ ਹੈ, ਪਰ ਸਮੁੱਚੇ ਮਨੁੱਖ ਦਾ ਪਰਮੇਸ਼ੁਰ ਪ੍ਰਤੀ ਨੈਤਿਕ ਸਮਰਪਣ ਹੈ ਜੋ ਮਸੀਹ ਵਿਚ ਪਰਗਟ ਕੀਤਾ ਗਿਆ ਹੈ।"[23] ਨਾ ਹੀ "ਬਪਤਿਸਮਾ" ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਕਾਰ ਨਿਰਾ ਨੇਮ ਦਾ ਇਕ ਚਿੰਨ੍ਹ ਹੈ। ਤੁਲਨਾ ਵਿਚ, ਸੁੰਨਤ, ਇਕ ਸਰੀਰਕ ਕਾਰਜ ਸੀ ਜੋ ਸਿਰਫ ਇਕ ਨੇਮ ਦੇ ਚਿੰਨ੍ਹ ਵਜੋਂ ਕਾਰਜ ਕਰਦਾ ਸੀ। ਪਰਮੇਸ਼ੁਰ ਕੇਵਲ ਉਦੋਂ ਕਾਰਜ ਨਹੀਂ ਸੀ ਕਰਦਾ ਜਦੋਂ ਅਠਵੇਂ ਦਿਨ ਇਕ ਬਾਲਕ ਦੀ ਸੁੰਨਤ ਕੀਤੀ ਜਾਂਦੀ ਸੀ। ਸੁੰਨਤ ਤੋਂ ਪਹਿਲਾਂ, ਇਕ ਯਹੂਦੀ ਬਾਲਕ ਨੂੰ ਉਸ ਦੇ ਯਹੂਦੀ ਕੌਮ ਵਿਚ ਜਨਮ ਲੈਣ ਦਾ ਕਾਰਨ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਲੋਕਾਂ ਵਿਚ ਗਿਣਿਆ ਜਾਂਦਾ ਸੀ। ਜਦੋਂ ਇਕ ਵਿਸ਼ਵਾਸੀ ਬਪਤਿਸਮੇ ਲੈਣ ਦੁਆਰਾ **ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਦਾ ਹੈ**, ਪਰਮੇਸ਼ੁਰ ਕਾਰਜ ਕਰਦਾ ਹੈ ਕਿਉਂਕਿ ਮਸੀਹ "ਪਾਪਾਂ ਦੇ ਲਈ ਮਰਿਆ" (3:18); ਉਹ ਕਾਰਜ ਕਰਦਾ ਹੈ ਕਿਉਂਕਿ ਯਿਸੂ ਮਸੀਹ ਨੂੰ ਜੀ [ਉਸ ਦੇ] **ਜੀ ਉੱਠਣ ਦੇ ਕਾਰਨ** ਜੇਤੂ ਐਲਾਨਿਆ ਗਿਆ ਹੈ। ਜਦੋਂ ਕੋਈ ਵਿਅਕਤੀ ਮਸੀਹ ਵਿਚ ਬਪਤਿਸਮਾ ਲੈਂਦਾ ਹੈ, ਉਹ ਆਪਣੇ ਨਵੇਂ ਜਨਮ ਦੇ ਕਾਰਨ ਪਰਮੇਸ਼ੁਰ ਦੇ ਲੋਕਾਂ ਦਾ ਹਿੱਸਾ ਬਣ ਜਾਂਦਾ ਹੈ।

ਬਪਤਿਸਮਾ ਉਸ ਭੁਗਤਾਨ ਦੇ ਲਈ ਅਪੀਲ ਹੈ ਜੋ ਯਿਸੂ ਨੇ ਸਲੀਬ ਉੱਤੇ "ਸ਼ੁੱਧ ਅੰਤਹਕਰਨ" ਦੇ ਲਈ ਕੀਤਾ ਹੈ। ਪਤਰਸ ਲਈ "ਅੰਤਹਕਰਨ" ਦਾ ਅਰਥ ਉਹੀ ਚੀਜ਼ ਨਹੀਂ ਹੈ ਜੋ ਆਧੁਨਿਕ ਸ਼ਬਦਾਵਲੀ ਵਿਚ ਹੁੰਦਾ ਹੈ। ਇੱਥੇ "ਅੰਤਹਕਰਨ" ਉਹ ਛੋਟੀ ਜਿਹੀ ਅਵਾਜ਼ ਨਹੀਂ ਹੈ ਜੋ ਅੰਦਰੋਂ ਆਉਂਦੀ ਹੈ। ਬਲਕਿ, ਇਹ ਪਰਮੇਸ਼ੁਰ ਅਤੇ ਉਸ ਦੇ ਸਾਥੀ ਸਾਹਮਣੇ ਇਕ ਵਿਅਕਤੀ ਦੇ ਸੰਬੰਧ ਦਾ ਭਾਵ ਹੈ। ਕਿਉਂਕਿ ਵਿਅਕਤੀ ਦਾ ਬਪਤਿਸਮਾ ਹੋ ਚੁੱਕਾ ਹੈ, ਉਸ ਦਾ "ਸ਼ੁੱਧ ਅੰਤਹਕਰਨ" ਉਹ ਗਿਆਨ ਹੈ ਜੋ ਉਸ ਦੇ ਖੁਦ, ਪਰਮੇਸ਼ੁਰ ਅਤੇ ਉਸ ਦੇ ਹਾਣੀਆਂ ਵਿਚਕਾਰ ਸਾਂਝਾ ਹੁੰਦਾ ਹੈ। ਇਹ ਉਸ ਨੂੰ ਭਰੋਸਾ ਅਤੇ ਵਿਸ਼ਵਾਸ ਦਿੰਦਾ ਹੈ ਕਿ ਉਹ ਪਰਮੇਸ਼ੁਰ ਦੇ ਆਪਣੇ ਲੋਕਾਂ ਵਿੱਚੋਂ ਇਕ ਵਜੋਂ, ਅਧਕਾਰ ਦੇ ਵਾਰਸ ਵਜੋਂ ਖੜ੍ਹਾ ਹੁੰਦਾ ਹੈ ਜੋ ਮਸੀਹ ਦੇ ਆਉਣ ਤੇ ਪਰਗਟ ਹੋਵੇਗਾ। ਪਤਰਸ ਦੇ ਸੰਸਾਰ ਵਿਚ "ਅੰਤਹਕਰਨ" ਦਾ ਲੋਕਾਂ ਲਈ ਅੱਜ ਕੱਲ ਦੇ ਲੋਕਾਂ ਨਾਲੋਂ ਇਕ ਭਾਰੀ ਸਮਾਜਿਕ ਪਰਿਮਾਪ ਸੀ।

ਕਿਹਾ ਜਾਂਦਾ ਹੈ ਕਿ ਪਤਰਸ ਨੇ "ਬਪਸਿਮਤੇ" ਨੂੰ ਸਰੀਰ ਦੀ ਮੈਲ ਲਾਹੁਣਾ ਸਮਝਿਆ। ਇਸ ਦੇ ਮਹੱਤਵ ਦਾ ਧੋਣ ਨਾਲ ਕੋਈ ਵਾਸਤਾ ਨਹੀਂ ਹੈ। ਉਸ ਦੀ ਮਿਸਾਲ ਬੇਤੁਕੀ ਹੈ ਜੇਕਰ ਅਸੀਂ ਬਪਤਿਸਮੇ ਨੂੰ ਕਿਸੇ ਤੇ ਪਾਣੀ ਦਾ ਛਿੜਕਾਵ ਕਰਨਾ ਜਾਂ ਕਿਸੇ ਤੇ ਥੋੜ੍ਹਾ ਪਾਣੀ ਡੋਲ੍ਹਣਾ ਸਮਝਦੇ ਹਾਂ। ਇਸ ਤੋਂ ਇਲਾਵਾ, ਪਤਰਸ ਨੇ ਕਿਹਾ ਹੈ ਕਿ "ਬਪਤਿਸਮਾ" ਉਸ ਵਿਅਕਤੀ ਵੱਲੋਂ ਇਕ "ਅਪੀਲ" ਹੈ ਜਿਹੜਾ "ਸ਼ੁੱਧ ਅੰਤਹਕਰਨ" ਲਈ ਬਪਤਿਸਮਾ ਲੈ ਰਿਹਾ ਹੈ। ਭਾਵ ਅਰਥ ਇਹ ਹੈ ਕਿ ਜਿਹੜਾ ਵਿਅਕਤੀ ਬਪਤਿਸਮਾ ਲੈ ਰਿਹਾ ਹੈ ਕਾਫੀ ਸਿਆਣਾ ਹੈ ਇਸ ਲਈ ਉਹ ਖੁਦ ਅਪੀਲ ਕਰ ਸਕਦਾ ਹੈ। ਪਤਰਸ ਨੇ ਬਪਤਿਮਸੇ ਨੂੰ ਉਸ ਵਿਅਕਤੀ ਨੂੰ ਪਾਣੀ ਵਿਚ ਪੂਰਾ ਡੋਬਣਾ ਹੈ ਜਿਹੜਾ ਆਪਣੀ ਪਾਪ ਵਿਚ ਗੁਆਚੀ ਹੋਈ ਅਵਸਥਾ ਨੂੰ ਪਛਾਣਨ ਵਿਚ ਕਾਫੀ

ਸਿਆਣਾ ਹੈ ਅਤੇ ਇਸ ਤਰ੍ਹਾਂ ਕਰਕੇ ਸ਼ੁੱਧ ਅੰਤਹਕਰਨ ਦੇ ਲਈ ਅਪੀਲ ਕਰ ਸਕਦਾ ਹੈ।

**ਆਇਤ 22.** ਜ਼ਬੂਰਾਂ ਦੀ ਪੋਥੀ ਤੋਂ ਇਲਾਵਾ ਪੁਰਾਣੇ ਨੇਮ ਦੀ ਇਹੋ ਜਿਹੀ ਕੋਈ ਪੁਸਤਕ ਨਹੀਂ ਹੈ ਕਿ ਜਿਸ ਦਾ ਨਵੇਂ ਨੇਮ ਵਿਚ ਬਾਰ-ਬਾਰ ਹਵਾਲਾ ਦਿੱਤਾ ਗਿਆ ਹੋਵੇ[24] ਅਤੇ ਜ਼ਬੂਰ 110 ਦੀਆਂ ਕੁਝ ਆਇਤਾਂ ਤੋਂ ਇਲਾਵਾ ਇਹੋ ਜਿਹਾ ਕੋਈ ਜ਼ਬੂਰ ਨਹੀਂ ਹੈ ਜਿਸ ਦਾ ਬਾਰ-ਬਾਰ ਹਵਾਲਾ ਦਿੱਤਾ ਗਿਆ ਹੋਵੇ, "ਯਹੋਵਾਹ ਦਾ ਮੇਰੇ ਪ੍ਰਭੂ ਲਈ ਇਹ ਵਾਕ ਹੈ ਕਿ 'ਤੂੰ ਮੇਰੇ ਸੱਜੇ ਪਾਸੇ ਬੈਠ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ'" (ਜ਼ਬੂਰ 110:1)। ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਹ ਜਾਣ ਲੈਣ ਕਿ ਯਿਸੂ ਮਸੀਹ **ਸੁਰਗ ਵਿੱਚ ਜਾ ਕੇ ਪਰਮੇਸ਼ੁਰ ਦੇ ਸੱਜੇ ਹੱਥ ਹੈ**। ਯਿਸੂ ਮਸੀਹ ਦੇ ਲਈ ਇਕ ਇਤਿਹਾਸਕ ਪੱਖ ਹੈ। ਉਹ ਇਕ ਮਨੁੱਖ ਸੀ, ਉਸ ਦਾ ਜਨਮ ਇਕ ਕੁਆਰੀ ਦੇ ਰਾਹੀਂ ਹੋਇਆ, ਨਾਸਰਤ ਵਿਚ ਉਸ ਦਾ ਪਾਲਣ-ਪੋਸ਼ਣ ਹੋਇਆ, ਉਹ ਇਕ ਪਰਚਾਰਕ ਅਤੇ ਨਬੀ ਸੀ। ਅਸਲ ਵਿਚ ਸਮੇਂ ਵਿਚ ਯਿਸੂ ਨੇ ਇਕ ਅੰਨ੍ਹੇ ਨੂੰ ਸੁਜਾਖਾ ਕੀਤਾ, ਚਮਤਕਾਰੀ ਢੰਗ ਨਾਲ ਪੰਜ ਹਜ਼ਾਰ ਲੋਕਾਂ ਨੂੰ ਰਜਾਇਆ ਅਤੇ ਆਪਣੇ ਚੇਲਿਆਂ ਵਿੱਚੋਂ ਤਿੰਨ ਚੇਲਿਆਂ ਦੀ ਮੌਜੂਦਗੀ ਵਿਚ ਰੂਪ ਬਦਲਿਆ। ਪੰਤਿਯੁਸ ਪਿਲਾਤੁਸ ਦੇ ਅਧੀਨ ਅਤੇ ਯਹੂਦੀਆਂ (ਉਸ ਦੇ ਆਪਣੇ ਲੋਕਾਂ) ਦੁਆਰਾ ਜ਼ੋਰ ਪਾਉਣ ਤੇ ਰੋਮੀਆਂ ਨੇ ਉਸ ਨੂੰ ਸਲੀਬ ਉੱਤੇ ਚੜ੍ਹਾ ਦਿੱਤਾ। ਤੀਜੇ ਦਿਨ, ਉਸ ਪਰਮੇਸ਼ੁਰ ਦੀ ਸਮਰੱਥਾ ਨਾਲ ਜਿਵਾਲਿਆ ਗਿਆ। ਮਸੀਹੀ ਨਿਹਚਾ ਲਈ ਮੂਲ ਗੱਲ ਇਹ ਹੈ ਕਿ ਇਹ ਘਟਨਾਵਾਂ ਅਤੇ ਹੋਰ ਘਟਨਾਵਾਂ ਅਸਲ ਸਮੇਂ ਵਿਚ ਹੋਈਆਂ ਸਨ, ਪਰ ਬਸ ਇੰਨਾ ਕੁਝ ਹੀ ਨਹੀਂ ਹੈ। ਨਿਰੀ ਪੁਰਾਤੱਤਵ ਉਤਸੁਕਤਾ ਮਸੀਹ ਦੇ ਅਨੁਭਵ ਲਈ ਕਾਫੀ ਨਹੀਂ ਹੋ ਸਕਦੀ। ਯਿਸੂ ਹੁਣ ਰਾਜ ਕਰਦਾ ਹੈ। ਉਹ ਸਵਰਗ ਨੂੰ ਚੜ੍ਹ ਗਿਆ ਜਦੋਂ **ਦੂਤ ਅਤੇ ਇਖ਼ਤਿਆਰ ਵਾਲੇ ਅਤੇ ਸ਼ਕਤੀ ਵਾਲੇ ਉਹ ਦੇ ਅਧੀਨ ਕੀਤੇ ਹੋਏ ਹਨ**। ਪਤਰਸ ਇਸ ਗੱਲ ਜ਼ਿਆਦਾ ਦਿਲਚਸਪੀ ਰੱਖਦਾ ਸੀ ਕਿ ਯਿਸੂ ਇਕ ਮਨੁੱਖ ਵਜੋਂ ਕੌਣ ਸੀ; ਉਹ ਇਸ ਗੱਲ ਵਿਚ ਵੀ ਦਿਲਚਸਪੀ ਰੱਖਦਾ ਸੀ ਕਿ ਪਰਮੇਸ਼ੁਰ ਦੇ ਪੁੱਤਰ ਵਜੋਂ ਉਹ ਕੌਣ ਸੀ।

"ਸੱਜੇ ਹੱਥ" ਬੈਠਣਾ ਦਾ ਵੀ ਆਪਣਾ ਪ੍ਰਤੀਕਵਾਦ ਹੈ। "ਸੱਜਾ ਹੱਥ" ਤੁਰੰਤ ਨਿਕਟਤਾ ਅਤੇ ਇਖ਼ਤਿਆਰ ਦਾ ਸੁਝਾਅ ਦਿੰਦਾ ਹੈ। ਉਹ ਸਭ ਕੁਝ ਜੋ ਪਿਤਾ ਅਤੇ ਪੁੱਤਰ ਵਿਚਕਾਰ ਰਿਸ਼ਤੇ ਵਿਚ ਸ਼ਾਮਲ ਹੁੰਦਾ ਹੈ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਬੇਕਾਰ ਹੈ। ਉਹ ਇਕ ਹਨ, ਪਰ ਇਸ ਦੇ ਨਾਲ-ਨਾਲ ਪਰਮੇਸ਼ੁਰ ਪਿਤਾ ਸਿੰਘਾਸਣ ਤੇ ਬੈਠਾ ਹੈ ਅਤੇ ਯਿਸੂ ਉਸ ਦੇ ਸੱਜੇ ਪਾਸੇ ਹੈ। ਪਤਰਸ ਨੇ ਤ੍ਰੀਏਕਤਾ ਦੇ ਉਪ-ਸਿਰਲੇਖਾਂ ਦਾ ਵਰਣਨ ਨਹੀਂ ਕੀਤਾ। ਉਸ ਦੀ ਚਿੰਤਾ ਇਹ ਇਕਰਾਰ ਕਰਨਾ ਅਤੇ ਇਹ ਪੁਸ਼ਟੀ ਕਰਨਾ ਸੀ ਕਿ ਯਿਸੂ ਦਾ ਪਰਮੇਸ਼ੁਰ ਨਾਲ ਇਹੋ ਜਿਹਾ ਰਿਸ਼ਤਾ ਸੀ ਕਿ ਇਸ ਦੀ ਤੁਲਨਾ ਕਿਸੇ ਹੋਰ ਰਚਨਾ ਨਾਲ ਨਹੀਂ ਕੀਤੀ ਜਾ ਸਕਦੀ। ਸਾਰੇ "ਇਖ਼ਤਿਆਰ ਅਤੇ ਸ਼ਕਤੀਆਂ," ਭਾਵੇਂ ਉਹ ਸਵਰਗੀ ਜਾਂ ਦੁਨਿਆਵੀ ਹੋਣ, ਉਸ ਦੇ ਹੁਕਮ ਦੇ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ, ਉਹ ਆਪਣੇ ਲੋਕਾਂ ਤੇ ਰਾਜ ਕਰਦਾ ਹੈ। ਉਹ ਉਨ੍ਹਾਂ ਦੀ ਚਿੰਤਾ ਕਰਦਾ ਹੈ, ਉਨਾਂ ਨੂੰ ਤਾੜਦਾ ਹੈ ਅਤੇ ਉਨ੍ਹਾਂ ਦੀ ਅਗਵਾਈ ਕਰਦਾ ਹੈ। ਉਹ ਉਨ੍ਹਾਂ ਦਾ ਕਿਰਪਾਲੂ ਰਾਜਾ ਹੈ।

# ਪ੍ਰਾਸੰਗਿਕਤਾ

**ਉਨ੍ਹਾਂ ਲਈ ਜਿਹੜੇ ਜੀਵਨ ਨੂੰ ਲੋਚਦੇ ਹਨ (3:8-12)**

ਮੇਰੇ ਇਕ ਮਿੱਤਰ ਨੇ ਮੈਨੂੰ ਸੁਵਿਧਾ ਸਟੋਰ ਤੇ ਪਹੁੰਚ ਕੇ ਉਸ ਦੀ ਕਾਰ ਵਿੱਚੋਂ ਬਾਹਰ ਨਿੱਕਲ ਨੇ ਅਤੇ ਕੁਝ ਘਰਾਂ ਦੀ ਦੂਰੀ ਤੇ ਇਕ ਔਰਤ ਨੂੰ ਤੇਜ਼ੀ-ਤੇਜ਼ੀ ਨਾਲ ਆਉਂਦਾ ਵੇਖਣ ਦੇ ਲਈ ਕਿਹਾ। ਉਸ ਦੇ ਪਿੱਛੇ-ਪਿੱਛੇ ਇਕ ਮਰਦ ਵੀ ਆ ਰਿਹਾ ਸੀ। ਉਹ ਉਸ ਨੂੰ ਗਾਲਾਂ ਕੱਢ ਰਿਹਾ ਸੀ ਅਤੇ ਜਦੋਂ ਉਹ ਉਸ ਔਰਤ ਤੇ ਨੇੜੇ ਪਹੁੰਚ ਗਿਆ ਤਾਂ ਉਸ ਨੇ ਉਸ ਔਰਤ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਮੇਰੇ ਮਿੱਤਰ ਨੇ 911 ਤੇ ਫੋਨ ਕਰਕੇ ਪੁਲਸ ਨੂੰ ਸੱਦ ਲਿਆ ਅਤੇ ਛੇਤੀ ਹੀ ਪੁਲਸ ਵੀ ਉੱਥੇ ਪਹੁੰਚ ਗਈ। ਉਸ ਵਿਅਕਤੀ ਨੂੰ ਜਿਸ ਨੇ ਉਸ ਔਰਤ ਨੂੰ ਕੁੱਟਿਆ ਪਤਾ ਲੱਗ ਗਿਆ ਕਿ ਮੇਰੇ ਮਿੱਤਰ ਨੇ ਪੁਲਸ ਨੂੰ ਸੱਦਿਆ ਸੀ। ਉਸ ਨੇ ਮੇਰੇ ਮਿੱਤਰ ਨੂੰ ਧਮਕੀ ਦਿੱਤੀ ਅਤੇ ਅਗਲੇ ਤਿੰਨ ਮਹੀਨੇ ਤੱਕ ਉਸ ਦਾ ਜੀਣਾ ਹਰਾਮ ਕਰ ਛੱਡਿਆ।

ਮੈਨੂੰ ਕਦੇ ਕਿਸੇ ਨੇ ਨਾ ਹੀ ਧਮਕਾਇਆ ਅਤੇ ਨਾ ਹੀ ਬੇਇੱਜ਼ਤ ਕੀਤਾ ਹੈ ਜਿਵੇਂ ਉਸ ਵਿਅਕਤੀ ਨੇ ਮੇਰੇ ਮਿੱਤਰ ਨਾਲ ਕੀਤਾ ਸੀ, ਪਰ ਮੈਂ ਇਹੋ ਜਿਹੀਆਂ ਗੱਲਾਂ ਦਾ ਗਵਾਹ ਬਣ ਚੁੱਕਾ ਹਾਂ। ਸਾਡੇ ਆਲੇ-ਦੁਆਲੇ ਬਹੁਤ ਸਾਰੇ ਲੋਕ ਹਨ ਜਿਹੜੇ ਨਫਰਤ, ਹਿੰਸਾ, ਸਰਾਪਾਂ ਅਤੇ ਕਰੋਧ ਭਰੀ ਦੁਨੀਆ ਵਿਚ ਆਪਣਾ ਜੀਵਨ ਜੀਉਂਦੇ ਹਨ। ਕਿਸੇ ਨੂੰ ਇਹ ਪੱਕਾ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਨਾਲ ਨਫਰਤ ਕਰੇ ਜਾਂ ਉਨ੍ਹਾਂ ਤੇ ਤਰਸ ਕਰੇ। ਉਸ ਤਰ੍ਹਾਂ ਦੇ ਜੀਵਨ ਦੀ ਤੁਲਨਾ ਪਤਰਸ ਦੇ ਸ਼ਬਦਾਂ ਨਾਲ ਕਰੋ:

> ਗੱਲ ਕਾਹਦੀ, ਤੁਸੀਂ ਸੱਭੇ ਇੱਕ ਮਨ ਹੋਵੋ, ਆਪੋ ਵਿੱਚੀਂ ਦਰਦੀ ਬਣੋ, ਭਰੱਪਣ ਦਾ ਪ੍ਰੇਮ ਰੱਖੋ, ਤਰਸਵਾਨ ਅਤੇ ਮਨ ਦੇ ਹਲੀਮ ਹੋਵੋ। ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ ਅਸੀਸ ਦਿਓ ਕਿਉਂ ਜੋ ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ (1 ਪਤਰਸ 3:8)।

ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਸੰਸਾਰ ਵਿਚ ਅਜਿਹੇ ਲੋਕ ਵੀ ਹਨ ਜਿਹੜੇ ਉਸ ਤਰੀਕੇ ਨਾਲ ਜੀਵਨ ਜੀਉਣਾ ਸਿਖ ਚੁੱਕੇ ਹਨ ਜਿਵੇਂ ਪਤਰਸ ਨੇ ਨਸੀਹਤ ਦਿੱਤੀ ਸੀ।

ਇਹ ਮਹੱਤਵਪੂਰਣ ਹੈ ਕਿ ਅਸੀਂ ਉਸ ਤੇ ਧਿਆਨ ਦੇਈਏ ਜੋ ਪਤਰਸ ਨੇ ਨਹੀਂ ਸੀ ਕਿਹਾ। ਜੀਵਨ, ਇਸ ਦੀ ਭਲਿਆਈ ਅਤੇ ਭਰਪੂਰੀ ਵਿਚ, ਇਸ ਦਾ ਉਤਪਾਦ ਨਹੀਂ ਹੈ ਕਿ ਕੋਈ ਵਿਅਕਤੀ ਕਿੰਨਾ ਕੁਝ ਜੋੜਦਾ ਹੈ। ਇਹ ਇਸ ਦਾ ਉਤਪਾਦ ਨਹੀਂ ਹੈ ਕਿ ਲੋਕ ਕਿੰਨੇ ਸ਼ਕਤੀਸ਼ਾਲੀ ਬਣ ਚੁੱਕੇ ਹਨ। ਇਕ ਚੰਗਾ ਜੀਵਨ ਇਸ ਗੱਲ ਦਾ ਮਾਪ ਨਹੀਂ ਹੈ ਕਿ ਇਕ ਤਕੜਾ ਮਨੁੱਖ ਕਿਵੇਂ ਲੋਕਾਂ ਨੂੰ ਹੁਕਮ ਦੇ ਸਕਦਾ ਹੈ। ਸੰਤੋਸ਼ਜਨਕ, ਚੰਗੇ ਜੀਵਨ ਉਸ ਤਰੀਕੇ ਨਾਲ ਨਹੀਂ ਆਉਂਦੇ। ਜੀਵਨ ਇਕ ਵੱਖਰਾ ਰਾਹ ਹੈ। ਪਤਰਸ ਸਿਧਾਂਤਕ ਨਹੀਂ ਸੀ ਬਣ ਰਿਹਾ। ਮਸੀਹ ਨੂੰ ਜਾਣਦੇ ਹੋਏ, ਉਸ ਦੇ ਬਹੁਤ ਸਾਰੇ ਲੋਕਾਂ ਜੀਉਣ ਦੇ ਢੰਗ ਨੂੰ ਸਿਖ ਚੁੱਕੇ ਹਨ।

ਮਸੀਹੀ ਲੋਕ ਸਵਰਗ ਦੇ ਅਨੰਦ ਨੂੰ ਲੋਚਦੇ ਹਨ, ਪਰ ਯਿਸੂ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਸ ਦਾ ਰਾਜ, ਸਵਰਗ ਦਾ ਰਾਜ, ਮਨੁੱਖੀ ਇਤਿਹਾਸ ਵਿਚ ਉਨ੍ਹਾਂ ਲੋਕਾਂ ਲਈ ਪਹਿਲਾਂ ਤੋਂ ਹੀ ਆ ਚੁੱਕਾ ਹੈ ਜਿਹੜੇ ਉਸ ਨੂੰ ਗ੍ਰਹਿਣ ਕਰਨਗੇ। ਹਾਲੇ ਵੀ ਕੁਝ ਪੂਰਾ ਹੋਣ ਵਾਲਾ ਹੈ, ਪਤਰਸ ਨੇ ਕਿਹਾ ਕਿ "ਤੁਸੀਂ ਅਸੀਸ ਦੇਣ ਦੇ ਲਈ ਸੱਦੇ ਗਏ ਹੋ।" ਪਰ ਮਸੀਹ ਵਿਚ ਸਵਰਗ ਦਾ ਰਾਜ ਸਾਡੇ ਵਿਚਕਾਰ ਹੈ, ਮਸੀਹ ਲੋਕਾਂ ਨੂੰ ਰਾਜ ਦਾ ਅਨੰਦ ਮਾਣਨ ਲਈ ਪ੍ਰਭੂ ਦੇ ਦੁਬਾਰਾ

ਆਉਣ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੈ। ਯਿਸੂ ਨੇ ਸਾਖੀ ਦਿੱਤੀ, "ਪਰਮੇਸ਼ੁਰ ਦਾ ਰਾਜ ਪਰਤੱਖ ਹੋ ਕੇ ਨਹੀਂ ਆਉਂਦਾ। ਅਤੇ ਨਾ ਓਹ ਕਹਿਣਗੇ ਭਈ 'ਵੇਖੋ ਐੱਥੇ' ਯਾ 'ਉੱਥੇ ਹੈ' ਕਿਉਂਕਿ ਵੇਖੋ ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚ ਹੈ" (ਲੂਕਾ 17:20, 21)।

ਮੈਂ ਤੁਹਾਡੇ ਨਾਲ ਇਕ ਪੱਤਰ ਦਾ ਕੁਝ ਹਿੱਸਾ ਸਾਂਝਾ ਕਰਨਾ ਚਾਹਾਂਗਾ। ਉਹ ਔਰਤ ਜਿਸ ਨੇ ਪੱਤਰ ਲਿਖਿਆ ਉਸ ਦਾ ਇਰਾਦਾ ਇਸ ਨੂੰ ਪ੍ਰਕਾਸ਼ਿਤ ਕਰਨ ਦਾ ਨਹੀਂ ਸੀ, ਹਾਲਾਂਕਿ ਇਸ ਨੂੰ ਛਪਿਆ ਹੋਇਆ ਵੇਖ ਕੇ ਉਸ ਨੂੰ ਕੋਈ ਨਰਾਜ਼ਗੀ ਨਹੀਂ ਸੀ ਹੋਣੀ। ਮੈਂ ਉਸ ਦਾ ਨਾਂਅ ਤਾਂ ਨਹੀਂ ਦੱਸਾਂਗਾ। ਇਹ ਇਕ ਸੱਚੇ ਦਿਲ ਵਿੱਚੋਂ ਨਿਕਲਿਆ ਸਰਲ ਜਿਹਾ ਪ੍ਰਗਟਾਵਾ ਹੈ। ਇਹ ਪੱਤਰ ਇਕ ਜਵਾਨ ਔਰਤ ਦੁਆਰਾ ਇਕ ਬੁੱਢੀ ਔਰਤ ਨੂੰ ਲਿਖਿਆ ਗਿਆ ਸੀ ਜਿਸ ਨੇ ਉਸ ਦੇ ਜੀਵਨ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਸੀ ਅਤੇ ਉਸ ਨੂੰ ਮਸੀਹ ਵਿਚ ਲੈ ਕੇ ਆਈ ਸੀ। ਇਹ ਇਕ ਅਜਿਹਾ ਪੱਤਰ ਹੈ ਜੋ ਉਸ ਦੇ ਲਈ ਬਿਲੁਕਲ ਢੁਕਵਾਂ ਹੈ ਜੋ ਪਤਰਸ ਨੇ ਲਿਖਿਆ ਸੀ। ਜਵਾਨ ਔਰਤ ਨੇ ਉਸ ਬੁੱਢੀ ਔਰਤ ਨੂੰ ਕੁਝ ਇਸ ਤਰ੍ਹਾਂ ਲਿਖਿਆ:

> ਤੁਸੀਂ ਜਾਣਦੇ ਹੋ ਜਦੋਂ ਅਸੀਂ ਮਿਲੇ ਸਾਂ; ਮੈਂ ਉਸ ਸਨੇਹ ਨੂੰ . . . ਅਤੇ ਬਹਾਨੇ ਦੀ ਕਮੀ ਨੂੰ ਲੱਭਣਾ ਸ਼ੁਰੂ ਕੀਤਾ ਜਿਸ ਨੇ ਮੈਨੂੰ ਪ੍ਰਭਾਵਿਤ ਕੀਤਾ। ਮੈਂ ਇਕ ਹਰੀ ਭਰੀ ਆਤਮਾ ਨੂੰ ਵੇਖਿਆ ਕਿਤੇ ਵੀ ਅੰਦਰੂਨੀ ਨਿਸ਼ਚਲਤਾ ਦਾ ਕੋਈ ਚਿੰਨ੍ਹ ਨਹੀਂ। ਮੈਂ ਤੈਨੂੰ ਦੱਸ ਸਕਦੀ ਹਾਂ ਕਿ ਤੁਸੀਂ ਉੱਨਤੀ ਕਰਨ ਵਾਲੀ ਔਰਤ ਹੋ ਅਤੇ ਮੈਨੂੰ ਉਹ ਪਸੰਦ ਹੈ। ਮੈਂ ਵੇਖਿਆ ਕਿ ਤੁਹਾਡਾ ਆਤਮ-ਸਨਮਾਨ ਤਕੜਾ ਹੈ, ਸਵੈ-ਮਦਦ ਪੁਸਤਕਾਂ ਦੇ ਰੂੰ ਦੇ ਅਧਾਰ ਤੇ ਨਹੀਂ, ਪਰ ਕਿਸੇ ਅਜਿਹੇ ਚੀਜ਼ ਤੇ ਜੋ ਬਹੁਤ ਡੂੰਘੀ ਹੈ। ਮੈਂ ਵੇਖਿਆ ਕਿ ਤੁਸੀਂ ਨਿਸਚੇ ਅਤੇ ਪ੍ਰਾਥਮਿਕਤਾਵਾਂ ਨਾਲ ਆਪਣਾ ਜੀਵਨ ਬਤੀਤ ਕੀਤਾ ਨਾ ਕਿ ਸੁਵਿਧਾ, ਸੁਆਰਥੀ ਇੱਛਾ ਅਤੇ ਆਰਥਿਕ ਲਾਭ ਨਾਲ। . . . ਤੁਸੀਂ ਤਰਸ ਅਤੇ ਉਦਾਰਤਾ ਵਿਖਾਈ ਨਾ ਸਿਰਫ ਮੈਨੂੰ, ਪਰ ਦੂਜੇ ਲੋਕਾਂ ਨੂੰ ਵੀ। ਅਤੇ ਤੁਸੀਂ ਕਿਸੇ ਨਾ ਕਿਸੇ ਚੀਜ਼ ਲਈ ਖੜ੍ਹੇ ਰਹੇ। ਤੁਸੀਂ ਸਮਾਜ ਦੇ ਸੁਭਾਅ ਦੇ ਵਿਰੁੱਧ ਜਾਣ ਦੇ ਵਿਰੁੱਧ ਜਾਣ ਅਤੇ ਉਸ ਦਾ ਪਾਲਣ ਕਰਨ ਦੇ ਇਛੁੱਕ ਸੀ ਜੋ ਤੁਸੀਂ ਮੰਨਦੇ ਸੀ ਕਿ ਸੱਚ ਹੈ, ਲੋਕ ਭਾਵੇਂ ਜੋ ਮਰਜ਼ੀ ਕਹਿਣ ਅਤੇ ਤੁਹਾਨੂੰ ਇਸ ਦੀ ਕਿੰਨੀ ਵੀ ਕੀਮਤ ਕਿਉਂ ਨਾ ਅਦਾ ਕਰਨੀ ਪਵੇ। ਅਤੇ ਉਨ੍ਹਾਂ ਕਾਰਣਾਂ ਕਰਕੇ, ਮੈਂ ਆਪ ਵੀ ਸੱਚਮੁੱਚ ਉਹੋ ਪਾਉਣ ਚਾਹੁੰਦੀ ਹਾਂ ਜੋ ਤੁਹਾਡੇ ਕੋਲ ਸੀ।

ਮਸੀਹ ਵਿਚ ਹੋਣਾ ਕੇਵਲ ਆਉਣ ਵਾਲੇ ਸੰਸਾਰ ਬਾਰੇ ਨਹੀਂ ਹੈ। ਪਰਮੇਸ਼ੁਰ ਨੇ ਇਸ ਯੁੱਗ ਵਿਚ ਆਪਣੇ ਲੋਕਾਂ ਨੂੰ ਜੀਵਨ ਦੀ ਕੁੰਜੀ ਦਿੱਤੀ ਹੈ। ਪਤਰਸ ਦਾ ਫਾਰਮੂਲਾ ਕਾਫੀ ਸਰਲ ਢੰਗ ਨਾਲ ਸ਼ੁਰੂ ਹੁੰਦਾ ਹੈ।

*ਪਹਿਲਾ, ਤਰਸਵਾਨ ਬਣਨਾ ਚੇਤੇ ਰੱਖੋ।* ਤਰਸ ਛੋਟੀਆਂ-ਛੋਟੀਆਂ ਗੱਲਾਂ ਵਿਚ ਪ੍ਰੇਮ ਹੈ। ਇਹ ਇਕ ਬੱਚੇ ਦੀ ਮਦਦ ਕਰਨਾ ਹੈ। ਇਹ ਕਿਸੇ ਨੂੰ ਮਿਲਣ ਦੇ ਲਈ ਜਾਣਾ ਹੈ ਜਿਹੜਾ ਇਕੱਲਾ ਜਾਂ ਬੀਮਾਰ ਹੈ। ਇਹ ਕਿਸੇ ਨੂੰ ਮੁਸਕਰਾ ਕੇ ਵਿਖਾਉਣਾ ਹੈ, ਇਹ ਬੂਹਾ ਖੁੱਲ੍ਹਾ ਰੱਖਣਾ ਹੈ, ਕਿਸੇ ਬੁੱਢੀ ਔਰਤ ਨੂੰ ਪੜ੍ਹਨ ਲਈ ਸਿੱਖਣ ਵਿਚ ਉਸ ਦੀ ਮਦਦ ਕਰਨਾ ਹੈ, ਫਰਸ਼ ਤੇ ਪੋਚਾ ਮਾਰਨਾ ਹੈ, ਕਿਸੇ ਹੋਰ ਵਿਅਕਤੀ ਦੀਆਂ ਸਮੱਸਿਆਵਾਂ ਨੂੰ ਸੁਣਨਾ ਹੈ, ਹੱਥ ਫੜਨਾ ਹੈ। ਤਰਸ ਨਿਮਰਤਾ ਅਤੇ ਸ਼ਿਸ਼ਟਤਾ ਪਹਿਲਾ ਚਚੇਰਾ ਭਰਾ ਹੈ। ਉਨ੍ਹਾਂ ਛੋਟੇ-ਛੋਟੇ ਗੁਣਾਂ ਵਿਚ ਵਿਅਕਤੀ ਦੇ ਚਰਿੱਤਰ ਨੂੰ ਜਾਣਨਾ ਸੰਭਵ ਹੈ ਜਿਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਅਤੇ ਕੰਮ ਵਿਚ ਵੀ ਜਿਨ੍ਹਾਂ ਨੂੰ ਤੁੱਛ ਜਾਣ ਕੇ ਠੁਕਰਾ ਦਿੱਤਾ ਜਾਂਦਾ ਹੈ।

ਜਦੋਂ ਸਰੋਤੇ ਲਾਗੇ ਹੁੰਦੇ ਹਨ ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਦਾਨੀ, ਵਿਚਾਰਸ਼ੀਲ ਅਤੇ ਸੁਸ਼ੀਲ ਹੋ ਸਕਦੇ ਹਨ; ਅਸੀਂ ਆਪਣਾ ਅਸਲੀ ਰੂਪ ਅਚੇਤ ਪਲਾਂ ਵਿਚ ਪਰਗਟ ਕਰਦੇ ਹਾਂ। ਤਰਸ ਕਦੇ-ਕਦਾਈ ਵਾਲੇ ਹੁਕਮ ਪ੍ਰਤੀ ਆਗਿਆਕਾਰੀ ਨਹੀਂ ਹੈ; ਇਹ ਜੀਵਨ ਦੇ ਢਾਂਚੇ ਵਿਚ ਉਸਰਦਾ ਹੈ। ਕੋਈ ਆਪਣੇ ਹੱਥ ਤੇ ਚਪੇੜ ਮਾਰ ਕੇ ਇਹ ਨਹੀਂ ਕਹਿੰਦਾ, “ਲਓ, ਮੈਂ ਤਰਸਵਾਨ ਹੋਣ ਲਈ ਹੁਕਮ ਦਾ ਪਾਲਣ ਕੀਤਾ ਹੈ। ਆਓ ਹੁਣ ਜੋ ਕੁਝ ਵੀ ਅੱਗੇ ਹੈ ਉਸ ਵੱਲ ਵਧੀਏ।” ਤਰਸ ਕਦੇ ਖਤਮ ਨਹੀਂ ਹੁੰਦਾ। ਇਹ ਉਸ ਬੱਚੇ ਨੂੰ ਵੇਖਣਾ ਹੈ ਜਿਹੜਾ ਥੱਲੇ ਡਿੱਗਿਆ ਹੋਇਆ ਅਤੇ ਰੋ ਰਿਹਾ ਹੈ ਕਿਉਂਕਿ ਉਸ ਦੇ ਗੋਡੇ ਤੇ ਰਗੜ ਲੱਗ ਗਈ ਹੈ। ਇਹ ਬੱਚੇ ਨੂੰ ਚੁੱਕਣ ਵਿਚ ਮਦਦ ਕਰਨਾ, ਉਸ ਦੇ ਜਖਮ ਨੂੰ ਸਾਫ ਕਰਨਾ ਅਤੇ ਉਸ ਜਖਮ ਤੇ ਪੱਟੀ ਕਰਨਾ ਅਤੇ ਉਸ ਨੂੰ ਉਸ ਦੇ ਰਸਤੇ ਭੇਜਣਾ ਹੈ। ਬਹੁਤ ਜ਼ਿਆਦਾ ਨਹੀਂ, ਤਰਸ ਦਾ ਇਕ ਸਰਲ ਜਿਹਾ ਕਾਰਜ। ਜਦੋਂ ਇਕ ਪਰਿਵਾਰ ਵਿਚ ਕਿਸੇ ਦੀ ਮੌਤ ਹੋ ਜਾਂਦੀ ਹੈ ਜਾਂ ਕੋਈ ਪਰਿਵਾਰ ਬਿੱਲ ਦਾ ਭੁਗਤਾਨ ਕਰਨ ਵਿਚ ਜੱਦੋ-ਜਹਿਦ ਕਰ ਰਿਹਾ ਹੁੰਦਾ ਹੈ, ਇਕ ਵਿਅਕਤੀ ਹੁੰਦਾ ਹੈ ਜਿਹੜਾ ਇਕ ਨੋਟ ਲਿਖਣ ਲਈ ਜਾਂ ਉਸ ਮਹੀਨੇ ਦੇ ਬਿੱਲ ਦਾ ਭੁਗਤਾਨ ਕਰਨ ਲਈ ਸਮਾਂ ਕੱਢਦਾ ਹੈ। ਕੋਈ ਨਹੀਂ ਜਾਣਦਾ। ਇਹ ਕੋਈ ਵੱਡੀ ਗੱਲ ਨਹੀਂ ਹੈ। ਸਿਰਫ ਇਕ ਛੋਟਾ ਜਿਹਾ ਤਰਸ ਦਾ ਕਾਰਜ।

ਜਦੋਂ ਪਤਰਸ ਨੇ ਯਿਸੂ ਦੇ ਜੀਵਨ ਅਤੇ ਕੰਮ ਦਾ ਖੁਲਾਸਾ ਕੀਤਾ, ਉਸ ਨੇ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜੋ ਪ੍ਰਭੂ ਦੀ ਸਰਲ ਕਿਰਪਾਲਤਾ ਦੀ ਗੱਲ ਕਰਦੇ ਹਨ: “ਅਰਥਾਤ ਯਿਸੂ ਨਾਸਰੀ ਭਈ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹ ਨੂੰ ਪਵਿੱਤ੍ਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹ ਦੇ ਨਾਲ ਸੀ” (ਰਸੂਲਾਂ ਦੇ ਕਰਤੱਬ 10:38)। ਮਰਕੁਸ ਦੀ ਇੰਜੀਲ ਵਿਚ, ਇਕ ਕੋੜ੍ਹੀ ਨੇ ਯਿਸੂ ਕੋਲ ਆਣ ਕੇ ਉਹ ਦੇ ਅੱਗੇ ਗੋਡੇ ਨਿਵਾ ਕੇ ਮਿੰਨਤ ਕੀਤੀ, “ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸੱਕਦਾ ਹੈਂ।” ਯਿਸੂ ਨੇ ਤਰਸ ਖਾ ਕੇ ਆਪਣਾ ਹੱਥ ਲੰਮਾ ਕੀਤਾ ਅਤੇ ਉਹ ਨੂੰ ਛੋਹ ਕੇ ਸ਼ੁੱਧ ਕੀਤਾ (ਮਰਕੁਸ 1:40, 41)। ਯਿਸੂ ਦੀ ਚਮਤਕਾਰ ਕਰਨ ਵਾਲੀ ਸ਼ਕਤੀ ਜੋ ਕੁਝ ਵੀ ਕਿਹਾ ਜਾਵੇ, ਉਸ ਨੂੰ ਆਪਣੇ ਆਪ ਨੂੰ ਪੁੱਤਰ ਵਜੋਂ ਵਿਖਾਉਣ ਬਾਰੇ ਜੋ ਕੁਝ ਵੀ ਕਿਹਾ ਜਾਵੇ, ਜਦੋਂ ਯਿਸੂ ਨੇ ਕੋੜ੍ਹੀ ਨੇ ਚੰਗਾ ਕੀਤਾ, ਇਹ ਤਰਸ ਦਾ ਇਕ ਸਰਲ ਜਿਹਾ ਕੰਮ ਸੀ।

ਜਦੋਂ ਯਿਸੂ ਸਾਮਰਿਯਾ ਦੇ ਵਿੱਚੋਂ ਦੀ ਲੰਘ ਰਿਹਾ ਸੀ, ਉਹ ਇਕ ਖੂਹ ਤੇ ਅਰਾਮ ਕਰਨ ਦੇ ਲਈ ਰੁਕਿਆ। ਉੱਥੇ ਇਕ ਔਰਤ ਖੂਹ ਵਿੱਚੋਂ ਪਾਣੀ ਕੱਢਣ ਦੇ ਲਈ ਆਈ। ਯਿਸੂ ਨੇ ਸਾਰੀਆਂ ਕਸਵੱਟੀਆਂ ਨੂੰ ਤੋੜ ਦਿੱਤਾ ਅਤੇ ਆਪਣੇ ਬਾਰੇ ਇਹੋ ਜਿਹੀਆਂ ਡੂੰਘੀਆਂ ਸੱਚਾਈਆਂ ਪਰਗਟ ਕੀਤੀਆਂ ਕਿ ਉਸ ਦੇ ਵੇਲੇ ਵੀ ਉਨ੍ਹਾਂ ਨੂੰ ਨਹੀਂ ਸਮਝ ਸਕੇ। ਉਹ ਉਸ ਔਰਤ ਦੇ ਪ੍ਰਤੀ ਤਰਸਵਾਨ ਸੀ।

ਚਮਤਕਾਰ ਬਹੁਤ ਕਿਸਮ ਦੇ ਸਨ। ਜੇਕਰ ਯਿਸੂ ਕੇਵਲ ਆਪਣੀ ਸ਼ਕਤੀ ਵਿਖਾਉਣਾ ਚਾਹੁੰਦਾ, ਤਾਂ ਉਹ ਹੈਕਲ ਦੇ ਪਹਾੜ ਨੂੰ ਕੁਝ ਦਿਨਾਂ ਲਈ ਹਵਾ ਵਿਚ ਉਡਾ ਸਕਦਾ ਸੀ। ਇਹ ਬਹੁਤ ਹੀ ਪ੍ਰਭਾਵਸ਼ਾਲੀ ਹੋਣਾ ਸੀ। ਜਿਸ ਕਿਸਮ ਦੇ ਚਮਤਕਾਰ ਯਿਸੂ ਨੇ ਕੀਤੇ ਉਹ ਤਰਸ ਦੇ ਕਾਰਜ ਸਨ। ਅਸੀਂ ਸਾਰੇ ਸਵਰਗ ਵਿਚ ਜਾਣਾ ਚਾਹੁੰਦੇ ਹਨ, ਪਰ ਸਾਨੂੰ ਤਰਸਵਾਨ ਬਣਨ ਦੇ ਲਈ ਸਵਰਗ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਪਰਮੇਸ਼ੁਰ ਦਾ ਰਾਜ ਇੱਥੇ ਅਤੇ ਹੁਣੇ ਹੈ। ਕੁਝ ਨਾ ਕੁਝ ਬਿਹਤਰ ਹਾਲੇ ਆਉਣ ਵਾਲਾ ਹੈ, ਪਰ ਰਾਜ ਹੁਣੇ ਹੀ ਹੈ।

ਰਾਜ ਉਦੋਂ ਆਉਂਦਾ ਹੈ ਜਦੋਂ ਮਸੀਹੀ ਲੋਕ ਤਰਸਵਾਨ ਜੀਵਨ ਜੀਉਂਦੇ ਹਨ, ਪਰ ਪਤਰਸ ਹੋਰਨਾਂ ਗੱਲ ਵੱਲ ਅੱਗੇ ਵਧਿਆ। *ਦੂਜਾ, ਪਤਰਸ ਨੇ ਆਪਣੇ ਪਾਠਕਾਂ ਨੂੰ ਦੱਸਿਆ ਕਿ ਸਵਰਗ ਦੇ ਰਾਜ ਦਾ ਅਨੰਦ ਮਾਣਨ ਤਰੀਕਾ ਬੁਰਿਆਈ ਦੇ ਬਦਲੇ ਭਲਿਆਈ ਕਰਨਾ ਹੈ।* ਉਸ ਨੇ ਆਪਣੇ ਵਿਚਾਰ ਨੂੰ ਜਾਰੀ ਰੱਖਿਆ: "ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ ਅਸੀਸ ਦਿਓ ਕਿਉਂ ਜੋ ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ" (1 ਪਤਰਸ 3:9)। ਜਿਸ ਹੱਦ ਤੱਕ ਮਸੀਹੀ ਲੋਕ ਇਸ ਨਿਯਮ ਦੁਆਰਾ ਆਪਣਾ ਜੀਵਨ ਗੁਜਾਰਦੇ ਹਨ, ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਪਰਮੇਸ਼ੁਰ ਦਾ ਰਾਜ ਉਨ੍ਹਾਂ ਦੇ ਵਿਚਕਾਰ ਹੈ।

ਆਪਣੀ ਪੱਤ੍ਰੀ ਵਿਚ ਪਹਿਲਾਂ ਵੀ, ਪਤਰਸ ਨੇ ਮਸੀਹ ਦੇ ਦੁਖ ਦਾ ਇਸ ਤਰ੍ਹਾਂ ਹਵਾਲਾ ਦਿੱਤਾ ਸੀ: "ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ" (1 ਪਤਰਸ 2:23)। ਪਤਰਸ ਨੇ ਕਿਹਾ ਕਿ ਯਿਸੂ ਨੇ ਇਕ ਨਮੂਨਾ ਪੇਸ਼ ਕੀਤਾ ਹੈ। ਪ੍ਰਭੂ ਨੂੰ ਗਾਲੀਆਂ ਕੱਢੀਆਂ ਗਈਆਂ ਅਤੇ ਦਬਕਾਇਆ ਗਿਆ, ਪਰ ਉਸ ਨੇ ਬੁਰਿਆਈ ਦੇ ਬਦਲੇ ਕਦੇ ਬੁਰਿਆਈ ਨਹੀਂ ਕੀਤੀ। ਬਜਾਇ ਇਸ ਦੇ, ਉਸ ਨੇ ਤਰਸ ਕੀਤਾ। ਕੁਝ ਸਾਲ ਪਹਿਲਾਂ ਸਲੀਬ ਉੱਤੇ ਟੰਗੇ ਜਾਣ ਤੋਂ ਪਹਿਲਾਂ, ਯਿਸੂ ਨੇ ਕਿਹਾ ਸੀ,

> ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ। ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿਚ ਹੈ ਪੁੱਤ੍ਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ (ਮੱਤੀ 5:44, 45)।

ਯਿਸੂ ਨੇ ਆਪਣੇ ਲੋਕਾਂ ਨੂੰ ਜੀਉਣਾ ਸਿਖਾਇਆ; ਫਿਰ ਉਸ ਨੇ ਉਨ੍ਹਾਂ ਨੂੰ ਕਰਕੇ ਵਿਖਾਇਆ।

ਯਿਸੂ ਨੇ ਬੁਨਿਆਦੀ ਤੌਰ ਤੇ ਉਨ੍ਹਾਂ ਉਮੀਦਾਂ ਵਿਚ ਸ਼ੋਧ ਕੀਤਾ ਜੋ ਪਹਿਲੀ ਸਦੀ ਵਿਚ ਯਹੂਦੀਆਂ ਨੂੰ ਪਰਮੇਸ਼ੁਰ ਦੇ ਰਾਜ ਲਈ ਸਨ। ਉਨ੍ਹਾਂ ਵਿੱਚੋਂ ਕੁਝ ਯਹੂਦੀਆਂ ਦੇ ਦੁਨੀਆ ਤੇ ਰਾਜ ਕਰਨ ਦੇ ਨਾਲ ਦਾਊਦ ਦੇ ਦੁਨਿਆਵੀ ਰਾਜ ਦੀ ਉਡੀਕ ਵਿਚ ਸਨ। ਕੁਝ ਹੋਰ ਲੋਕ ਦੁਨੀਆ ਦੇ ਮੂਲਕ ਅੰਤ ਦੀ ਘਟਨਾ ਦੀ ਉਡੀਕ ਵਿਚ ਸਨ ਜਦੋਂ ਪਰਮੇਸ਼ੁਰ ਆਵੇਗਾ, ਅੱਗ ਨਾਲ ਧਰਤੀ ਨੂੰ ਸਾੜੇਗਾ ਅਤੇ ਮਨੁੱਖੀ ਸਮੇਂ ਦਾ ਅੰਤ ਕਰੇਗਾ। ਦੋਵਾਂ ਦ੍ਰਿਸ਼ਟੀਕੋਣਾਂ ਵਿਚ ਕੁਝ ਸੱਚਾਈ ਸੀ, ਪਰ ਪੂਰੀ ਸੱਚਾਈ ਨਹੀਂ ਸੀ। ਪਰਮੇਸ਼ੁਰ ਦਾ ਰਾਜ ਅੰਤ ਦੇ ਸਮੇਂ ਆਪਣੀ ਪਰਿਪੂਰਨਤਾ ਵਿਚ ਆਵੇਗਾ, ਜਦੋਂ ਮਸੀਹ ਦੁਬਾਰਾ ਆਵੇਗਾ। ਫਿਰ ਵੀ, ਪਰਮੇਸ਼ੁਰ ਦਾ ਰਾਜ ਪੂਰੀ ਤਰ੍ਹਾਂ ਆਉਣ ਵਾਲੇ ਸੰਸਾਰ ਦੀ ਗੱਲ ਨਹੀਂ ਸੀ।

ਮਨੁੱਖਜਾਤੀ ਦੇ ਮੂਲ ਨਿਯਮਾਂ ਵਿੱਚੋਂ ਸਭ ਤੋਂ ਮੂਲ ਬਦਲੇ ਦਾ ਕਾਨੂੰਨ ਹੈ, ਜਿਸ ਨੂੰ ਅਕਸਰ ਲਾਤੀਨੀ ਵਿਚ, *ਲੈਕਸ ਟੇਲੀਓਨਿਸ* ਵਿਚ ਵਿਅਕਤ ਕੀਤਾ ਗਿਆ ਹੈ। ਪੁਰਾਣਾ ਨੇਮ ਇਸ ਨੂੰ "ਅੱਖ ਦੇ ਬਦਲੇ ਅੱਖ" ਵਜੋਂ ਵਿਅਕਤ ਕਰਦਾ ਹੈ (ਲੇਵੀਆਂ 24:19, 20)। ਪਰਮੇਸ਼ੁਰ ਦੇ ਰਾਜ ਵਿਚ, ਲੋਕ ਵੱਖਰੇ ਨਿਯਮ ਨਾਲ ਰਹਿੰਦੇ ਹਨ, ਅਜਿਹਾ ਨਿਯਮ ਜੋ ਕਹਿੰਦਾ ਹੈ ਕਿ ਬੁਰਿਆਈ ਦੇ ਬਦਲੇ ਬੁਰਿਆਈ ਨਹੀਂ ਕਰਨੀ ਚਾਹੀਦੀ। ਪਤਰਸ ਕੌਮੀ, ਰਾਜ ਦੇ ਨਿਯਮਾਂ ਨੂੰ ਸੰਬੋਧਿਤ ਨਹੀਂ ਸੀ ਕਰ ਰਿਹਾ। ਉਹ ਇਹ ਨਹੀਂ ਸੀ ਕਹਿ ਰਿਹਾ ਕਿ ਖੂਨੀ ਨੂੰ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਉਹ ਫੇਰ ਖੂਨ ਕਰ ਸਕੇ। ਉਹ ਵਿਅਕਤੀਗਤ ਤੌਰ ਤੇ ਆਪਣੇ ਸਰੋਤੇ

ਨਾਲ ਗੱਲ ਕਰ ਰਿਹਾ ਸੀ। ਪਤਰਸ ਕਹਿ ਰਿਹਾ ਸੀ, "ਬਦਲਾ ਤੁਹਾਨੂੰ ਖਾ ਨਾ ਜਾਵੇ।" ਰਸੂਲ ਨੇ "ਪਰਮੇਸ਼ੁਰ ਦਾ ਰਾਜ" ਵਾਕ ਦੀ ਵਰਤੋਂ ਨਹੀਂ ਕੀਤੀ। ਬਲਕਿ ਉਸ ਨੇ ਜੀਵਨ ਬਾਰੇ ਗੱਲ ਕੀਤੀ। ਜੀਵਨ ਪਰਮੇਸ਼ੁਰ ਦਾ ਰਾਜ ਹੈ। ਕੋਈ ਵਿਅਕਤੀ ਜੀਵਨ ਨੂੰ ਪ੍ਰਾਪਤ ਨਹੀਂ ਕਰੇਗਾ ਜੇਕਰ ਉਹ ਆਪਣੇ ਹਿੱਤਾਂ ਨੂੰ ਹਾਵੀ ਹੋਣ ਦਿੰਦਾ ਹੈ।

ਮਸੀਹੀ ਲੋਕ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਿਤ ਕੀਤਾ ਸੀ ਉਨ੍ਹਾਂ ਨੇ ਦੁਖ ਝੱਲਿਆ ਸੀ। ਉਨ੍ਹਾਂ ਨੂੰ ਪਤਾ ਸੀ ਕਿ ਮਸੀਹ ਦੇ ਲਈ ਦੁਖ ਝੱਲਣਾ ਕੀ ਹੁੰਦਾ ਹੈ। ਉਨ੍ਹਾਂ ਨੇ ਜੋ ਦੁਖ ਝੱਲਿਆ ਸੀ ਉਸ ਦਾ ਬਦਲਾ ਲੈਣ ਦੀ ਕਈਆਂ ਵਿਚ ਸ਼ਕਤੀ ਵੀ ਸੀ। ਪਤਰਸ ਨੇ ਕਿਹਾ, "ਇਹ ਨਾ ਕਰੋ। ਬੁਰਿਆਈ ਦੇ ਵੱਟੇ ਬੁਰਿਆਈ ਨਾ ਕਰੋ।" ਸਾਨੂੰ ਇਹ ਸਿਧਾਂਤ ਦੇ ਖੇਤਰ ਵਿਚ ਛੱਡਣ ਦੀ ਲੋੜ ਨਹੀਂ ਹੈ। ਕੁਝ ਸਾਲ ਪਹਿਲਾਂ ਟੈਕਸਾਸ ਵਿਚ ਇਕ ਔਰਤ ਰਹਿੰਦੀ ਸੀ, ਉਹ ਬਹੁਤ ਹੀ ਅਮੀਰ ਔਰਤ ਸੀ, ਜਿਸ ਨੂੰ ਪਤਾ ਲੱਗਾ ਕਿ ਉਸ ਦਾ ਪਤੀ ਕਿਸੇ ਹੋਰ ਔਰਤ ਨੂੰ ਵੇਖ ਰਿਹਾ ਸੀ। ਉਹ ਇਕ ਹੋਟਲ ਦੇ ਬਾਹਰ ਆਪਣੇ ਪਤੀ ਦੀ ਉਡੀਕ ਕਰਦੀ ਰਹੀ ਸੀ ਅਤੇ ਜਦੋਂ ਉਹ ਬਾਹਰ ਆਇਆ ਤਾਂ ਉਹ ਆਪਣੀ ਕਾਰ ਵਿਚ ਬੈਠੀ ਅਤੇ ਆਪਣੇ ਪਤੀ ਨੂੰ ਉਸ ਕਾਰ ਦੇ ਥੱਲੇ ਦੇ ਦਿੱਤਾ। ਉਹ ਉਸੇ ਵੇਲੇ ਮਰ ਗਿਆ। ਉਸ ਨੇ ਆਪਣੇ ਪਤੀ ਕੋਲੋਂ ਬਦਲਾ ਲੈ ਲਿਆ। ਇਹੋ ਜਿਹੇ ਦ੍ਰਿਸ਼ ਹਰ ਰੋਜ਼ ਦੁਹਰਾਏ ਜਾਂਦੇ ਹਨ। ਉਸ ਨੇ ਕੀ ਕਲਪਣਾ ਕੀਤੀ ਹੋਵੇਗੀ ਕਿ ਬਦਲਾ ਉਸ ਨੂੰ ਕੀ ਦੇਵੇਗਾ? ਬਹੁਤ ਸਾਰੇ ਲੋਕ ਰਾਤ ਨੂੰ ਆਪਣੇ ਮਨ ਵਿਚ ਬਦਲੇ ਦੀ ਭਾਵਨਾ ਲੈ ਕੇ ਸੌਂਦੇ ਹਨ। ਉਹ ਕਲਪਨਾ ਕਰਦੇ ਰਹਿੰਦੇ ਹਨ ਕਿ ਉਹ ਇਸ ਦੇ ਬਾਰੇ ਕੀ ਕਰਨ, ਉਹ ਕਿਵੇਂ ਬਦਲਾ ਲੈਣ। ਇਹੋ ਜਿਹੇ ਖੇਤਰ ਵਿਚ ਜੋ ਮਨ ਹਨ ਪਰਮੇਸ਼ੁਰ ਦੇ ਰਾਜ ਤੋਂ ਕਿਤੇ ਦੂਰ ਹੁੰਦੇ ਹਨ।

ਇਹ ਮਨ ਦੇ ਧੰਨ ਹੋਣ ਦੀ ਅਵਸਥਾ ਹੁੰਦੀ ਹੈ ਜਦੋਂ ਇਕ ਵਿਅਕਤੀ ਆਕਮਰਣਾਤਮਕ ਸ਼ਬਦ, ਬੇਇੱਜ਼ਤੀ ਅਤੇ ਬੇਸੁਆਦ ਟਿੱਪਣੀ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕਰਨ ਵਿਚ ਅਸਮਰੱਥ ਹੁੰਦਾ ਹੈ ਜਿਵੇਂ ਕਿ ਉਹ ਕਦੇ ਕਹੇ ਹੀ ਨਾ ਗਏ ਹੋਣ। ਜੀਵਨ ਇਕ ਇਨਾਮ ਹੁੰਦਾ ਹੈ ਜਦੋਂ ਕੋਈ ਵਿਅਕਤੀ ਗਾਲਾਂ ਦੇ ਬਦਲੇ ਅਸੀਸ ਦਿੰਦਾ ਹੈ। ਯਿਸੂ ਆਪਣੇ ਦੁਸ਼ਮਣ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਸਿਖਾਉਂਦਾ ਹੈ। ਉਸ ਨੂੰ ਆਪਣਾ ਮਿੱਤਰ ਬਣਾ ਲਓ।

ਪਰਮੇਸ਼ੁਰ ਦੇ ਰਾਜ ਵਿਚ ਜੀਵਨ ਲਈ ਪਤਰਸ ਦਾ ਫਾਰਮੂਲਾ ਹੋਰ ਵੀ ਅਗਾਂਹ ਜਾਂਦਾ ਹੈ। ਪਹਿਲਾ, ਤਰਸਵਾਨ ਬਣਨਾ ਯਾਦ ਰੱਖੋ। ਦੂਜਾ, ਕਦੇ ਵੀ ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ। *ਤੀਜਾ, ਆਪਣੀ ਜੀਭ ਨੂੰ ਰੋਕ ਕੇ ਰੱਖੋ।* ਜਦੋਂ ਉਸ ਨੇ 1 ਪਤਰਸ 3:10, 11 ਲਿਖੀ, ਰਸੂਲ ਨੇ ਜ਼ਬੂਰ 34:12, 13 ਦਾ ਹਵਾਲਾ ਦਿੱਤਾ: "ਉਹ ਕਿਹੜਾ ਮਨੁੱਖ ਹੈ ਜਿਹੜਾ ਜੀਵਨ ਨੂੰ ਲੋਚਦਾ ਹੈ ਅਤੇ ਬਹੁਤ ਦਿਨ ਚਾਹੁੰਦਾ ਹੈ ਤਾਂ ਕਿ ਭਲਿਆਈ ਵੇਖੇ? ਆਪਣੀ ਜੀਭ ਨੂੰ ਬੁਰਿਆਈ ਤੋਂ ਅਤੇ ਆਪਣੇ ਬੁੱਲ੍ਹਾਂ ਨੂੰ ਮਕਰ ਬੋਲਣ ਤੋਂ ਰੋਕ ਰੱਖ।" ਯਾਕੂਬ ਨੇ ਵਿਆਖਿਆ ਕੀਤੀ, "ਇਸ ਲਈ ਜੋ ਅਸੀਂ ਸੱਭੇ ਬਹੁਤ ਭੁੱਲਣਹਾਰ ਹਾਂ। ਜੇ ਕੋਈ ਬਚਨ ਵਿੱਚ ਨਾ ਭੁੱਲੇ ਤਾਂ ਉਹ ਸਿੱਧ ਪੁਰਸ਼ ਹੈ ਅਤੇ ਸਾਰੀ ਦੇਹੀ ਨੂੰ ਭੀ ਲਗਾਮ ਦੇ ਸੱਕਦਾ ਹੈ" (ਯਾਕੂਬ 3:2)। ਇਸ ਤੋਂ ਇਲਾਵਾ, ਯਿਸੂ ਨੇ ਆਖਿਆ, "ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਮਨੁੱਖ ਹਰੇਕ ਅਕਾਰਥ ਗੱਲ ਜੋ ਬੋਲਣ ਨਿਆਉਂ ਦੇ ਦਿਨ ਉਹ ਦਾ ਹਿਸਾਬ ਦੇਣਗੇ। ਇਸ ਲਈ ਜੋ ਤੂੰ ਆਪਣੀਆਂ ਗੱਲਾਂ ਤੋਂ ਧਰਮੀ ਅਤੇ ਆਪਣੀਆਂ ਗੱਲਾਂ ਤੋਂ ਦੋਸ਼ੀ ਠਹਿਰਾਇਆ ਜਾਏਂਗਾ" (ਮੱਤੀ 12:36, 37)। ਪਰਮੇਸ਼ੁਰ ਦਾ ਰਾਜ ਪੂਰਾ ਨਹੀਂ ਹੋ ਸਕਦਾ; ਜੀਵਨ ਉਨ੍ਹਾਂ ਨੂੰ ਛੱਡ ਜਾਵੇਗਾ ਜਿਹੜੇ ਆਪਣੀ

ਜੀਭ ਨੂੰ ਰੋਕਣ ਵਿਚ ਅਸਫ਼ਲ ਹੁੰਦੇ ਹਨ।

ਸੰਦਰਭ ਸੁਝਾਅ ਦਿੰਦਾ ਹੈ ਕਿ ਪਤਰਸ ਦੀ ਚਿੰਤਾ ਮਿਲਾਪ ਨੂੰ ਲੱਭਣਾ ਅਤੇ ਇਸ ਦਾ ਪਿੱਛਾ ਕਰਨਾ ਹੈ। ਰਾਜ ਵਿਚ ਜੀਵਨ ਲਈ ਮਿਲਾਪ ਇਕ ਜ਼ਰੂਰੀ ਤੱਤ ਹੈ। ਜੀਭ ਨੂੰ ਵੱਸ ਵਿਚ ਰੱਖਣਾ ਮਿਲਾਪ ਦੇ ਰਾਹ ਵਿਚ ਇਕ ਜ਼ਰੂਰੀ ਕਦਮ ਹੈ। ਜੀਭ ਨੂੰ ਵੱਸ ਵਿਚ ਰੱਖਣਾ ਉਸ ਤਰੀਕੇ ਨੂੰ ਮਾਪਣ ਦੁਆਰਾ ਸ਼ੁਰੂ ਹੁੰਦਾ ਹੈ ਜਿਸ ਨਾਲ ਅਸੀਂ ਪਰਮੇਸ਼ੁਰ ਬਾਰੇ ਗੱਲ ਕਰਦੇ ਹਾਂ। ਇਹ ਅਨੋਖੀ ਗੱਲ ਹੈ ਕਿ ਕਿਵੇਂ ਲੋਕ ਪਰਮੇਸ਼ੁਰ ਦੇ ਪਵਿੱਤਰ ਨਾਮ ਨੂੰ ਅਕਾਰਥ ਕਰਦੇ ਹਨ। ਕੁਝ ਸ਼ਬਦ ਹਨ ਜੋ ਬੰਦਗੀ ਅਤੇ ਉਸਤਤ ਦੇ ਲਈ ਬੜੇ ਹੀ ਉੱਤਮ ਤਰੀਕੇ ਨਾਲ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਵਿੱਚੋਂ ਇਕ ਪਰਮੇਸ਼ੁਰ ਦਾ ਨਾਮ ਹੈ। ਭਾਵੇਂ ਇਹ ਕੋਈ ਫੁੱਟਬਾਲ ਦੀ ਖੇਡ ਹੋਵੇ ਜਾਂ ਕੋਈ ਖ਼ਬਰ, ਪਰਮੇਸ਼ੁਰ ਨੂੰ ਰੌਡਨੀ ਡੈਂਗਰਫੀਲਡ ਦਾ ਆਦਰ ਮਿਲਦਾ ਹੈ।

1939 ਵਿਚ *ਗੌਨ ਵਿਦ ਦ ਵਿੰਡ* ਨਾਂ ਦੀ ਇਕ ਬਹੁਤ ਹੀ ਸ਼ਾਨਦਾਰ ਫਿਲਮ ਆਈ। ਅੰਤ ਦੇ ਨੇੜੇ ਪੁੱਜ ਕੇ ਰੈੱਟ ਬਟਲਰ ਨੇ ਲਾਲ ਰੰਗ ਦੇ ਕੱਪ ਵੱਲ ਤੱਕਿਆ ਜੋ ਮੀਡੀਆ ਲਈ ਇਕ ਨਵੇਂ ਦੌਰ ਵਿਚ ਦਾਖ਼ਲ ਹੋਇਆ। ਮੈਂ ਇਹ ਸੋਚਦੇ ਹੋਏ ਵੱਡਾ ਹੋਇਆ ਕਿ ਜਿਸ ਤਰ੍ਹਾਂ ਦੇ ਸ਼ਬਦ ਉਸ ਨੇ ਇਸਤੇਮਾਲ ਕੀਤੇ ਇਕ ਭਲੀਮਾਣਸ ਕੰਪਨੀ ਦੇ ਲਈ ਢੁਕਵੇਂ ਨਹੀਂ ਸਨ। *ਗੌਨ ਵਿਦ ਦ ਵਿੰਡ* ਨੇ ਧੁੰਮ ਮਚਾ ਦਿੱਤੀ। ਬਹੁਤ ਸਾਰੇ ਅਭੱਦਰ ਸ਼ਬਦਾਂ ਨੇ ਸਾਡੇ ਜੀਵਨਾਂ ਨੂੰ ਭਰ ਦਿੱਤਾ ਹੈ। ਭਲੀਮਾਣਸ ਕੰਪਨੀ ਦੀ ਭਾਸ਼ਾ ਅਤੇ ਜੀਵਨ ਦੀਆਂ ਗੰਦੀਆਂ ਨਾਲੀਆਂ ਵਿੱਚੋਂ ਸ਼ਬਦ ਆਪਣੇ ਵਿਚ ਮਿਲ ਗਏ ਹਨ। ਪਤਰਸ ਨੇ ਕਿਹਾ ਹੈ ਕਿ ਆਪਣੀ ਜੀਭ ਨੂੰ ਰੋਕ ਕੇ ਰੱਖਣ ਦਾ ਅਰਥ ਹੈ ਆਪਣੇ ਆਪ ਨੂੰ ਧੋਖੇ ਤੋਂ ਬਚਾਉਣਾ, ਪਰ ਇਸ ਦਾ ਅਰਥ ਇਸ ਨਾਲੋਂ ਵੀ ਵੱਧ ਕੇ ਹੈ। ਇਸ ਦਾ ਅਰਥ ਹੈ ਉਨ੍ਹਾਂ ਗੱਲਾਂ ਤੋਂ ਮੁੜਨਾ ਜਿਨ੍ਹਾਂ ਵਿਚ ਬੁਰਿਆਈ ਦਾ ਰੂਪ ਜਾਂ ਅਸਲੀਅਤ ਹੈ। ਇਸ ਦਾ ਅਰਥ ਹੈ ਆਪਣੇ ਸ਼ਬਦਾਂ ਵਿਚ ਉਨ੍ਹਾਂ ਗੱਲਾਂ ਨੂੰ ਭਾਲਣਾ ਜੋ ਮਿਲਾਪ ਕਰਾਉਂਦੀਆਂ ਹਨ।

*ਸਿੱਟਾ।* ਸੰਸਾਰ ਦੇ ਦੁਖ ਅਤੇ ਦਰਦ ਵਿਚ ਅਜਿਹੇ ਲੋਕ ਮਿਲ ਸਕਦੇ ਹਨ ਜਿਹੜੇ ਜੀਵਨ ਦੇ ਰਾਹ ਨੂੰ ਜਾਣਦੇ ਹਨ। ਉਨ੍ਹਾਂ ਦੇ ਪਰਿਵਾਰ, ਉਹ ਆਦਰ ਜੋ ਉਨ੍ਹਾਂ ਨੂੰ ਦਿੱਤਾ ਗਿਆ ਸੀ, ਦੂਜੇ ਲੋਕ ਉਨ੍ਹਾਂ ਬਾਰੇ ਜੋ ਗੱਲ ਕਰਦੇ ਹਨ, ਉਹ ਮੁਸਕਰਾਹਟ ਜੋ ਉਨ੍ਹਾਂ ਦੇ ਚਿਹਰੇ ਉੱਤੇ ਹੈ ਇਹ ਸਾਰੀਆਂ ਗੱਲਾਂ ਜੀਵਨ ਦੀ ਸ਼ਾਂਤੀ ਅਤੇ ਅਨੰਦ ਦੀ ਗਵਾਹੀ ਦਿੰਦੀਆਂ ਹਨ। ਪਤਰਸ ਨੇ ਤਿੰਨ ਮਹੱਤਵਪੂਰਣ ਤੱਤ ਦਿੱਤੇ ਜੋ ਮਸੀਹ ਵਿਚ ਜੋ ਜੀਵਨ ਹੈ ਉਸ ਵਿਚ ਯੋਗਦਾਨ ਦਿੰਦੇ ਹਨ। ਉਨ੍ਹਾਂ ਵਿਚ ਸ਼ਾਮਲ ਹੈ (1) ਤਰਸਵਾਨ ਬਣਨਾ ਚੇਤੇ ਰੱਖਣਾ, (2) ਬੁਰਿਆਈ ਦੇ ਬਦਲੇ ਭਲਿਆਈ ਕਰਨਾ ਅਤੇ (3) ਆਪਣੀ ਜੀਭ ਨੂੰ ਰੋਕ ਕੇ ਰੱਖਣਾ।

### ਭਲਿਆਈ ਦੇ ਲਈ ਪ੍ਰਸ਼ੰਸਾ ਦਾ ਬੀਜ ਬੀਜਣਾ (3:8, 9)

ਰਸਤੇ ਵਿਚ ਗੱਦੀ ਚਲਾਉਂਦੇ ਜਾਂਦੇ ਹੋਏ, ਕੋਈ ਵਿਅਕਤੀ ਉਨ੍ਹਾਂ ਖੜ੍ਹੇ ਰੁੱਖਾਂ ਦੇ ਲਾਗੋਂ ਦੀ ਲੰਘਦਾ ਹੈ ਜਿਨ੍ਹਾਂ ਨੇ ਸੱਟ ਝੱਲੀ ਹੈ। ਰੁੱਖਾਂ ਦੇ ਜਵਾਨ ਤਣੇ ਜੋ ਬਿਲਕੁਲ ਸਿੱਧੇ ਖੜ੍ਹੇ ਸਨ ਝੁੱਕ ਕੇ ਜ਼ਮੀਨ ਨੂੰ ਛੋਹ ਰਹੇ ਹਨ। ਕਈ ਕੜਾਕ ਕਰਕੇ ਟੁੱਟ ਗਏ ਹਨ; ਕਈਆਂ ਦੇ ਪੜਛੇ ਲੱਥ ਗਏ ਹਨ।

ਰੁੱਖ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਉਸ ਰਸਤੇ ਬਰਫੀਲਾ ਤੁਫ਼ਾਨ ਆਇਆ ਸੀ। ਸ਼ਾਇਦ ਇਹ ਕਈ ਸਾਲ ਪਹਿਲਾਂ ਆਇਆ ਹੋਵੇਗਾ, ਪਰ ਰੁੱਖ ਹਾਲੇ ਵੀ ਇਸ ਦੇ ਪ੍ਰਭਾਵ ਨੂੰ

ਮਹਿਸੂਸ ਕਰਦੇ ਹਨ। ਠੰਡੀ ਵਰਖਾ ਉਨ੍ਹਾਂ ਦੀਆਂ ਟਹਿਣੀਆਂ ਤੇ ਇਕੱਠੀ ਹੋ ਗਈ ਹੈ, ਉਨ੍ਹਾਂ ਨੂੰ ਝੁਕਾ ਦਿੱਤਾ ਹੈ, ਉਨ੍ਹਾਂ ਦੇ ਰੂਪ ਨੂੰ ਵਿਗਾੜ ਦਿੱਤਾ ਹੈ, ਉਨ੍ਹਾਂ ਨੂੰ ਤੋੜ ਦਿੱਤਾ ਹੈ।

ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਉਨ੍ਹਾਂ ਰੁੱਖਾਂ ਵਿਚ ਇਕ ਦ੍ਰਿਸ਼ਟਾਂਤ ਹੈ। ਮੈਂ ਸਵੈ-ਇੱਛਤ ਲੋਕਾਂ ਨੂੰ ਮਿਲ ਚੁੱਕਾ ਹਾਂ, ਜੋ ਚੰਗਾ ਸਮਾਂ ਪਾਉਣ ਤੇ ਨਿਰਭਰ ਹਨ, ਉਨ੍ਹਾਂ ਲੋਕਾਂ ਦੀ ਸਲਾਹ ਨੂੰ ਸੁਣਨ ਦੀ ਇੱਛਾ ਰੱਖਦੇ ਹਨ ਜਿਹੜੇ ਉਨ੍ਹਾਂ ਤੋਂ ਪਹਿਲਾਂ ਸਫ਼ਰ ਕਰ ਚੁੱਕੇ ਹਨ। ਪਾਪ ਉਨ੍ਹਾਂ ਦੇ ਮਨਾਂ ਵਿਚ ਉਸੇ ਤਰ੍ਹਾਂ ਇਕੱਠਾ ਹੁੰਦਾ ਹੈ ਜਿਵੇਂ ਬਰਫ ਰੁੱਖਾਂ ਦੀਆਂ ਟਹਿਣੀਆਂ ਤੇ ਇਕੱਠੀ ਹੁੰਦੀ ਹੈ। ਇਹ ਉਨ੍ਹਾਂ ਨੂੰ ਤੋੜ ਦਿੰਦਾ ਹੈ। “ਹਮਦਰਦੀ,” “ਤਰਸ,” “ਹਲੀਮੀ” ਅਤੇ “ਭਲਿਆਈ” (1 ਪਤਰਸ 3:8, 9) ਵਰਗੇ ਸ਼ਬਦ ਉਨ੍ਹਾਂ ਲਈ ਬਹੁਤ ਘੱਟ ਮਾਇਨੇ ਰੱਖਦੇ ਹਨ। ਪਾਪ ਲੋਕਾਂ ਨੂੰ ਹੇਠਾਂ ਝੁਕਾ ਦਿੰਦਾ ਹੈ। ਥੋੜ੍ਹੇ ਚਿਰ ਬਾਅਦ ਉਹ ਕੇਵਲ ਜੀਵਨ ਦੀ ਰਹਿੰਦ-ਖੂੰਹਦ ਨੂੰ ਵੇਖ ਸਕਦੇ ਹਨ। ਧੁੱਪ ਅਤੇ ਅਨੰਦ ਥੋੜ੍ਹਾ ਜਿਹਾ ਰਹਿ ਜਾਂਦਾ ਹੈ।

### ਸੱਚਾਈ ਅਤੇ ਢੁਕਵਾਂਪਣ (3:8)

ਮੈਂ ਅਤੇ ਜੈਨ ਵਿਆਹ ਤੋਂ ਤੁਰੰਤ ਬਾਅਦ ਫਲਿੰਟ, ਮਿਸ਼ੀਗਨ ਤੋਂ ਹੈਂਡਰਸਨ, ਟੈਨੇਸੀ ਵਿਚ ਗਏ। ਮੈਂ ਫਰੀਡ-ਹਰਡਮੈਨ ਕਾਲਜ ਵਿਚ ਦਾਖ਼ਲਾ ਲਿਆ ਸੀ। ਜਦੋਂ ਅਸੀਂ ਆਪਣਾ ਸਫ਼ਰ ਸ਼ੁਰੂ ਕੀਤਾ, ਤੁਰੰਤ ਸਾਡੀ ਕਾਰ ਵੀ ਖਰਾਬੀ ਕਰਨ ਲੱਗ ਪਈ। ਜਿਵੇਂ-ਜਿਵੇਂ ਅਸੀਂ ਸਫ਼ਰ ਕਰਦੇ ਗਏ ਸਮੱਸਿਆ ਹੋਰ ਵੀ ਵੱਧਦੀ ਗਈ। ਇਕ ਥਾਂ ਇਹੋ ਜਿਹਾ ਆਇਆ ਜਿੱਥੇ ਸਾਡੀ ਕਾਰ ਪੂਰੀ ਤਰ੍ਹਾਂ ਖਰਾਬ ਹੋ ਗਈ, ਮੈਂ ਸਿਰਫ ਇਸ ਨੂੰ ਧੱਕਾ ਮਾਰ ਕੇ ਅਤੇ ਕਲੱਚ ਨੂੰ ਦਬਾ-ਦਬਾ ਕੇ ਸਟਾਰਟ ਕਰ ਸਕਦਾ ਸੀ। ਨੈਸ਼ਵਿਲੇ ਸ਼ਹਿਰ ਵਿਚ ਜਾ ਕੇ ਕਾਰ ਖਰਾਬ ਹੋ ਗਈ। ਕਿਸੇ ਟਰੱਕ ਵਾਲੇ ਨੇ ਮੇਰੀ ਕਾਰ ਤੇ ਫਰੀਡ-ਹਰਡਮੈਨ ਪਾਰਕਿੰਗ ਦਾ ਸਟਿੱਕਰ ਵੇਖਿਆ। ਉਹ ਇਕ ਮਸੀਹੀ ਵਿਅਕਤੀ ਸੀ ਜੋ ਮਦਦ ਕਰਨਾ ਚਾਹੁੰਦਾ ਸੀ। ਥੋੜ੍ਹਾ ਜਿਹਾ ਧੱਕਾ ਮਾਰਨ ਤੋਂ ਬਾਅਦ ਮੈਂ ਕਲੱਚ ਦਬਾਇਆ ਅਤੇ ਕਾਰ ਨੂੰ ਸਟਾਰਟ ਕੀਤਾ। ਉਹ ਚਾਹੁੰਦਾ ਸੀ ਕਿ ਅਸੀਂ ਰੁਕੀਏ ਤਾਂ ਕਿ ਉਹ ਸਾਡੇ ਲਈ ਦੁਪਹਿਰ ਦਾ ਭੋਜਨ ਖਰੀਦ ਕੇ ਲਿਆ ਸਕੇ, ਪਰ ਇਕ ਵਾਰ ਜਦੋਂ ਉਹ ਫੋਡਰ ਕਾਰ ਚੱਲਣਾ ਸ਼ੁਰੂ ਹੋ ਗਈ ਤਾਂ ਮੈਂ ਉਸ ਨੂੰ ਰੋਕਣ ਵਾਲਾ ਨਹੀਂ ਸਾਂ। ਅਸੀਂ ਆਪਣੇ ਰਾਹ ਚੱਲ ਪਏ। ਬਾਅਦ ਵਿਚ ਜਾ ਕਿ ਮੈਨੂੰ ਇਹ ਗੱਲ ਦਾ ਅਹਿਸਾਸ ਹੋਇਆ ਕਿ ਇਹ ਤਾਂ ਤਰਸ ਦਾ ਇਕ ਅਨੋਖਾ ਕੰਮ ਸੀ। ਉਹ ਬੰਦਾ ਸਾਨੂੰ ਬਿਲਕੁਲ ਨਹੀਂ ਸੀ ਜਾਣਦਾ। ਉਹ ਸਮਝ ਗਿਆ ਕਿ ਅਸੀਂ ਲੋੜ ਵਿਚ ਉਸ ਦਾ ਭਰਾ ਅਤੇ ਭੈਣ ਬਣ ਸਕਦੇ ਸੀ ਅਤੇ ਉਸ ਨੇ ਸਾਡੀ ਮਦਦ ਕੀਤੀ। ਮੈਂ ਉਸ ਦਾ ਨਾਮ ਨਹੀਂ ਜਾਣਦਾ, ਪਰ ਮੈਂ ਉਸ ਦਾ ਦੇਣਦਾਰ ਹਾਂ। ਉਸ ਨੇ ਮੈਨੂੰ ਸਿਖਾਇਆ ਕਿ ਸੱਚਾਈ ਪੁਸ਼ਟੀ ਨਾਲੋਂ ਵੱਧ ਕੇ ਹੈ। ਸੱਚਾਈ ਧਰਮੀ ਜੀਵਨ ਦਾ ਜੀਉਣਾ ਹੈ।

### ਅੰਤਹਕਰਨ ਨੂੰ ਸ਼ੁੱਧ ਰੱਖਣਾ (3:16)

ਫ੍ਰੈਂਕ ਕਲਾਰਕ ’ਤੇ ਮੇਰਾ ਧਿਆਨ ਸਭ ਤੋਂ ਪਹਿਲਾਂ ਉਨ੍ਹਾਂ ਦੇ ਹੱਥਾਂ ਵੱਲ ਗਿਆ। ਉਹ ਪੱਥਰ ਵਾਂਗ ਕਰੜੇ ਸਨ। ਉਨ੍ਹਾਂ ਨਾਲ ਹੱਥ ਮਿਲਾਉਣ ’ਤੇ ਮੈਨੂੰ ਲੱਗਾ ਕਿ ਮੇਰਾ ਹੱਥ ਕਿਸੇ ਲੋਹੇ ਦਾ ਸ਼ਿੰਕਜੇ ਵਿਚ ਫਸ ਗਿਆ ਹੈ। ਉਨ੍ਹਾਂ ਦਾ ਕਦ ਛੋਟਾ ਸੀ, ਚਿਹਰੇ ਉੱਤੇ ਮੁਸਕਾਨ ਸੀ ਅਤੇ ਆਮ ਤੌਰ ’ਤੇ ਉਨ੍ਹਾਂ ਕੋਲ ਦੱਸਣ ਲਈ ਕੋਈ ਕਹਾਣੀ ਹੁੰਦੀ ਸੀ। ਉਨ੍ਹਾਂ ਦੇ ਕੋਲ ਲਗਭਗ

ਹਰੇਕ ਸਵਾਲ ਦਾ ਜਵਾਬ ਸੀ। ਜੇਕਰ ਕਿਸੇ ਵਿਅਕਤੀ ਨੂੰ ਉਨ੍ਹਾਂ ਦਾ ਜਵਾਬ ਪਸੰਦ ਨਹੀਂ ਆਉਂਦਾ ਸੀ ਤਾਂ ਉਨ੍ਹਾਂ ਨੂੰ ਬੁਰਾ ਨਹੀਂ ਲੱਗਦਾ ਸੀ। ਉਹ ਹੱਸਦੇ ਸਨ ਅਤੇ ਅਗਲੇ ਜਵਾਬ ਵੱਲ ਚਲੇ ਜਾਂਦੇ ਸਨ, ਭਾਵੇਂ ਕੋਈ ਸੁਣਨਾ ਚਾਹੁੰਦਾ ਸੀ ਭਾਵੇਂ ਨਹੀਂ। ਫ੍ਰੈਂਕ ਥੋੜੇ ਜਿੱਦੀ ਸਨ, ਪਰ ਉਹ ਇੱਕ ਬਹੁਤ ਵਧੀਆ ਬਜ਼ੁਰਗ ਵਿਅਕਤੀ ਸਨ।

ਜਿਸ ਕਲੀਸੀਆ ਵਿਚ ਫ੍ਰੈਂਕ ਅਤੇ ਉਨ੍ਹਾਂ ਦੀ ਪਤਨੀ ਐਡਨਾ ਬੰਦਗੀ ਲਈ ਜਾਂਦੇ ਸਨ ਉਹ ਪੇਂਡੂ ਇਲਾਕੇ ਵਿਚ ਇੱਕ ਛੋਟੀ ਇਮਾਰਤ ਸੀ। ਸਰਦੀਆਂ ਦੇ ਮੌਸਮ ਵਿਚ ਪਿੰਡ ਦੀਆਂ ਸਾਰੀਆਂ ਭੂੰਡਾਂ ਉਸ ਇਮਾਰਤ ਦੀਆਂ ਤਰੇੜਾਂ ਅਤੇ ਛੇਦਾਂ ਵਿਚ ਛੱਤੇ ਪਾ ਲੈਂਦੀਆਂ ਸਨ। ਬਸੰਤ ਦਾ ਮੌਸਮ ਆਉਂਦਿਆਂ ਹੀ ਉਹ ਛੱਤਿਆਂ ਵਿੱਚੋਂ ਨਿੱਕਲਣੀਆਂ ਸ਼ੁਰੂ ਹੋ ਜਾਂਦੀਆਂ ਸਨ ਪਰ ਫ੍ਰੈਂਕ ਨੂੰ ਉਨ੍ਹਾਂ ਦੀ ਕੋਈ ਪਰਵਾਹ ਨਾ ਹੁੰਦੀ। ਉਹ ਖਿੜਕੀਆਂ ਦੇ ਕੋਲ ਅਰਾਮ ਨਾਲ ਜਾਂਦੇ, ਜਿੱਥੇ ਛੇ-ਸੱਤ ਭੂੰਡਾਂ ਇਕੱਠੀਆਂ ਬੈਠੀਆਂ ਹੁੰਦੀਆਂ ਅਤੇ ਆਪਣੇ ਅੰਗੂਠੇ ਨਾਲ ਉਨ੍ਹਾਂ ਨੂੰ ਇੱਕ-ਇੱਕ ਕਰਕੇ ਮਿੱਧ ਦਿੰਦੇ। ਭੂੰਡਾਂ ਉੱਥੇ ਬੈਠੀਆਂ ਰਹਿੰਦੀਆਂ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਕਰੜੇ ਅੰਗੂਠੇ ਨਾਲ ਪੀਸਣ ਦਿੰਦੀਆਂ।

ਮੈਂ ਬੜੀ ਹੈਰਾਨੀ ਨਾਲ ਵੇਖਿਆ। "ਤੁਸੀਂ ਇਹ ਕਿਵੇਂ ਕਰਦੇ ਹੋ?" ਉਹ ਬੜੀ ਗੰਭੀਰਤਾ ਨਾਲ ਮੇਰੇ ਵੱਲ ਮੁੜੇ ਅਤੇ ਆਖਿਆ, "ਇਸ ਦਾ ਇੱਕ ਭੇਤ ਹੈ। ਤੁਸੀਂ ਗੌਰ ਕਰੋ ਕਿ ਜਦ ਮੈਂ ਆਪਣੇ ਸੱਜੇ ਹੱਥ ਦੇ ਅੰਗੂਠੇ ਨਾਲ ਭੂੰਡ ਨੂੰ ਪੀਸਦਾ ਹਾਂ, ਮੇਰੇ ਖੱਬੇ ਹੱਥ ਦੀ ਮੁੱਠੀ ਘੁੱਟ ਕੇ ਬੰਦ ਰਹਿੰਦੀ ਹੈ। ਜਦ ਤੁਸੀਂ ਐਵੇਂ ਕਰੋਗੇ ਤਾਂ ਉਹ ਤੁਹਾਨੂੰ ਕਦੇ ਡੰਗ ਨਹੀਂ ਮਾਰਨਗੀਆਂ।" ਮੈਂ ਹੱਸਦਿਆਂ ਜਵਾਬ ਦਿੱਤਾ, "ਠੀਕ ਹੈ।" ਕੋਲ ਖੜੀ ਐਡਨਾ ਨੇ ਆਖਿਆ, "ਇਹ ਸਹੀ ਹੈ। ਮੈਂ ਇਨ੍ਹਾਂ ਨੂੰ ਇਹ ਕਰਦਿਆਂ ਕਈ ਵਾਰੀ ਵੇਖਿਆ ਹੈ। ਇਨ੍ਹਾਂ ਨੂੰ ਕਦੇ ਕਿਸੇ ਭੂੰਡ ਨੇ ਡੰਗ ਨਹੀਂ ਮਾਰਿਆ।"

ਫ੍ਰੈਂਕ ਅਤੇ ਐਡਨਾ ਕਲਾਰਕ। ਇਨ੍ਹਾਂ ਦੋਹਾਂ ਦਾ ਹੁਣ ਦੇਹਾਂਤ ਹੋ ਚੁੱਕਾ ਹੈ। ਜਦ ਉਹ ਦੁਨੀਆਂ ਵਿੱਚੋਂ ਗਏ, ਤਾਂ ਇਸ ਦੇ ਕੁਝ ਰੰਗ ਵੀ ਉਨ੍ਹਾਂ ਦੇ ਨਾਲ ਚਲੇ ਗਏ। ਜਦ ਮੈਂ ਪਤਰਸ ਦੇ ਇਹ ਸ਼ਬਦ ਪੜ੍ਹੇ ਤਾਂ ਮੈਨੂੰ ਉਨ੍ਹਾਂ ਦੀ ਯਾਦ ਆ ਗਈ, "ਅੰਤਹਕਰਨ ਸ਼ੁੱਧ ਰੱਖੋ ਭਈ ਓਹ ਜਿਹੜੇ ਤੁਹਾਡੀ ਸ਼ੁਭ ਚਾਲ ਨੂੰ ਜੋ ਮਸੀਹ ਵਿਚ ਹੈ ਮੰਦਾ ਆਖਦੇ ਹਨ ਸੋ ਜਿਸ ਗੱਲ ਵਿਚ ਓਹ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਲੱਜਿਆਵਾਨ ਹੋਣ" (1 ਪਤਰਸ 3:16)। ਮੈਂ ਉਨ੍ਹਾਂ ਦੇ ਚੰਗੇ ਵਿਹਾਰ ਦੀ ਸਾਖੀ ਦੇ ਸਕਦਾ ਹਾਂ। ਬਜ਼ੁਰਗ ਮਾਤਾ ਦੇ ਕੋਲ ਕਾਰ ਨਹੀਂ ਸੀ, ਪਰ ਕੋਈ ਗੱਲ ਨਹੀਂ। ਜੇਕਰ ਕਿਤੇ ਜਾਣ ਦੀ ਲੋੜ ਪੈਂਦੀ ਸੀ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਸ ਨੂੰ ਫੋਨ ਕਰਨਾ ਹੈ। ਫ੍ਰੈਂਕ ਅਤੇ ਐਡਨਾ ਦੀਆਂ ਦੋ ਧੀਆਂ ਸਨ, ਹਰੇਕ ਬਸੰਤ ਵਿਚ ਉਹ ਬਗੀਚੇ ਵਿਚ ਕੁਝ ਨਾ ਕੁਝ ਉਗਾਉਂਦੇ ਸਨ, ਫਸਲ ਦਾ ਜ਼ਿਆਦਾਤਰ ਹਿੱਸਾ ਲੋਕਾਂ ਨੂੰ ਦੇ ਦਿੰਦੇ ਸਨ, ਆਪਣੇ ਬਿਲ ਅਦਾ ਕਰਦੇ ਸਨ ਅਤੇ ਆਪਣੇ ਜੀਵਨ ਵਿਚ ਮਸਤ ਰਹਿੰਦੇ ਸਨ। ਉਨ੍ਹਾਂ ਦੇ ਬੁੱਲ੍ਹਾਂ 'ਤੇ ਕਦੇ ਕੋਈ ਬੁਰਿਆਈ ਨਹੀਂ ਆਈ ਸੀ, ਉਹ ਗਾਲਾਂ ਨਹੀਂ ਕੱਢਦੇ ਸਨ, ਕਿਸੇ ਨੂੰ ਧੋਖਾ ਨਹੀਂ ਦਿੰਦੇ ਸਨ ਅਤੇ ਨਾ ਹੀ ਕਿਸੇ ਨੂੰ ਕੋਸਦੇ ਸਨ। ਉਨ੍ਹਾਂ ਦੇ ਬੂਹੇ ਦੇ ਅੱਗੇ ਰੋਜ਼ਾਨਾ ਇੱਕ ਜਾਂ ਦੋ ਕਾਰਾਂ ਜ਼ਰੂਰ ਖਲ੍ਹੋਦੀਆਂ ਸਨ ਅਤੇ ਲੋਕ ਉਨ੍ਹਾਂ ਦਾ ਹਾਲ-ਚਾਲ ਪੁੱਛਦੇ ਸਨ। ਫ੍ਰੈਂਕ ਨੂੰ ਕੱਦੂਕੁੰਮੇ ਦਾ ਸੂਪ ਪੀਣਾ ਅਤੇ ਸਭ ਤੋਂ ਭੈੜੀ ਬਦਬੂ ਵਾਲਾ ਪਨੀਰ ਖਾਣਾ ਬਹੁਤ ਪਸੰਦ ਸੀ। ਐਡਨਾ ਤੁਹਾਨੂੰ ਸਿਖਾ ਸਕਦੀ ਸੀ ਕਿ ਬੁਣਾਈ ਕਿਵੇਂ ਕਰੀਦੀ ਹੈ ਅਤੇ ਚੰਗੀ ਗੋਭੀ ਕਿਵੇਂ ਉਗਾਈਦੀ ਹੈ। ਐਡਨਾ ਫ੍ਰੈਂਕ ਨੂੰ ਦੱਸਦੀ ਸੀ ਕਿ ਕੀ ਕੰਮ ਕਰਨਾ ਹੈ ਅਤੇ ਫ੍ਰੈਂਕ ਉਸ ਨੂੰ ਉਵੇਂ ਕਰਦਾ ਸੀ ਜਿਵੇਂ ਉਸ ਨੂੰ ਪਸੰਦ ਸੀ। ਪਰਮੇਸ਼ੁਰ, ਫ੍ਰੈਂਕ ਅਤੇ ਐਡਨਾ ਲਈ ਤੁਹਾਡਾ ਧੰਨਵਾਦ।

ਇਹ ਸੱਚ ਹੈ। ਮਸੀਹ ਆਪਣੇ ਲੋਕਾਂ ਨੂੰ ਅਸੀਸਾਂ ਦਿੰਦਾ ਹੈ। ਜੇਕਰ ਕੋਈ ਇਨ੍ਹਾਂ ਭਲੇ ਲੋਕਾਂ ਬਾਰੇ ਕੁਝ ਮੰਦਾ ਬੋਲੇ ਤਾਂ ਇਹ ਉਸ ਦੇ ਲਈ ਬੜੀ ਸ਼ਰਮ ਦੀ ਗੱਲ ਹੋਵੇਗੀ। ਅਜਿਹੀ ਵਧੀਆ ਗੁਜ਼ਰੀ ਜ਼ਿੰਦਗੀ ਦੇ ਨਾਲ ਕਿਹੜੀ ਅਸੀਸ ਦੀ ਤੁਲਨਾ ਕੀਤੀ ਜਾ ਸਕਦੀ ਹੈ?

ਜਦ ਮੈਂ ਨਿਰਾਸ ਹੁੰਦਾ ਹਾਂ, ਜਦ ਮੈਨੂੰ ਲੱਗਦਾ ਹੈ ਕਿ ਬੁਰਿਆਈ ਇਸ ਸੰਸਾਰ ਨੂੰ ਖਾ ਜਾਣ ਵਾਲੀ ਹੈ, ਮੈਂ ਫ੍ਰੈਂਕ ਅਤੇ ਐਡਨਾ ਕਲਾਰਕ ਨੂੰ ਚੇਤੇ ਕਰਦਾ ਹਾਂ। ਉਨ੍ਹਾਂ ਦੀ ਜ਼ਿੰਦਗੀ ਕਿਸੇ ਦੀ ਵੀ ਸੋਚ ਨਾਲੋਂ ਕਿਤੇ ਵਧੀਆ ਸੀ। ਉਹ ਹਮੇਸ਼ਾ ਚਰਚਾ ਦਾ ਵਿਸ਼ਾ ਰਹਿੰਦੇ ਸਨ। ਦੁਨੀਆਭਰ ਦਾ ਹਾਸਾ ਅਤੇ ਭਲਿਆਈ ਉਨ੍ਹਾਂ ਦੇ ਘਰ ਵਿਚ ਵੱਸਦੇ ਸਨ। ਮੈਨੂੰ ਉਨ੍ਹਾਂ ਲੋਕਾਂ 'ਤੇ ਤਰਸ ਆਉਂਦਾ ਹੈ ਜਿਹੜੇ ਆਪਣੀ ਜ਼ਿੰਦਗੀ ਦੂਜਿਆਂ ਨੂੰ ਕੋਸਦਿਆਂ, ਗੁੱਸੇ ਵਿਚ ਚੀਕਦਿਆਂ, ਸੁਆਰਥੀ ਘਮੰਡ ਵਿਚ ਰਹਿੰਦਿਆਂ, ਨਸ਼ਾ ਕਰਦਿਆਂ ਅਤੇ ਆਲਸ ਕਰਦਿਆਂ ਬਿਤਾ ਦਿੰਦੇ ਹਨ। ਮੈਨੂੰ ਬਸ ਫ੍ਰੈਂਕ ਅਤੇ ਐਡਨਾ ਦੇ ਦਿਓ। ਮੈਂ ਆਪਣੇ ਆਪ ਨੂੰ ਧੰਨ ਮੰਨਦਾ ਹਾਂ ਕਿਉਂਕਿ ਮੈਂ ਆਪਣੇ ਮਨ ਵਿਚ ਅਜਿਹੇ ਅਦਭੁਤ ਲੋਕਾਂ ਨੂੰ ਵਸਾਇਆ ਹੋਇਆ ਹੈ।

### ਘਟਨਾ ਅਤੇ ਮਹੱਤਵ (3:18)

ਸਲੀਬ ਉੱਤੇ ਯਿਸੂ ਦੇ ਦੁੱਖਾਂ ਵਿਚ ਦਿਲਚਸਪੀ ਦੋ ਪੱਧਰਾਂ 'ਤੇ ਆ ਸਕਦੀ ਹੈ। ਇੱਕ ਹੈ ਇਸਹਾਸਕ, ਅਸਲ ਸਰੀਰਕ ਘਟਨਾ। ਕੀ ਯੂਸੁਫ਼ ਦਾ ਪੁੱਤਰ ਯਿਸੂ ਨਾਮ ਦਾ ਕੋਈ ਵਿਅਕਤੀ ਸੱਚਮੁੱਚ ਉਨ੍ਹਾਂ ਦਿਨਾਂ ਵਿਚ ਸਲੀਬ 'ਤੇ ਮਰਿਆ ਸੀ, ਜਦ ਪੁੰਤਿਯੁਸ ਪਿਲਾਤੁਸ ਯਹੂਦਿਯਾ ਦਾ ਹਾਕਮ ਸੀ? ਰੋਮੀਆਂ ਦੁਆਰਾ ਸਲੀਬ ਦਿੱਤੇ ਜਾਣ ਵਿਚ ਕੀ-ਕੀ ਸ਼ਾਮਲ ਹੁੰਦਾ ਸੀ? ਕਿਸ ਤਰ੍ਹਾਂ ਦਿਆਂ ਅਪਰਾਧਾਂ ਦੀ ਸਜ਼ਾ ਸਲੀਬੀ ਮੌਤ ਹੁੰਦੀ ਸੀ? ਕਿੱਲਾਂ ਕਿੱਥੇ ਮਾਰੀਆਂ ਜਾਂਦੀਆਂ ਸਨ? ਹੱਥਾਂ ਵਿਚ? ਗੁੱਟ ਵਿਚ? ਕੀ ਉਸ ਦੇ ਪੈਰ ਖੜ੍ਹੇ ਖੰਭੇ ਦੇ ਬਾਹਰਲੇ ਪਾਸੇ ਹੁੰਦੇ ਸਨ, ਤਾਂ ਜੋ ਕਿੱਲਾਂ ਉਸ ਦਿਆਂ ਗਿੱਟਿਆਂ ਵਿੱਚੋਂ ਦੀ ਮਾਰੀਆਂ ਜਾ ਸਕਣ, ਜਾਂ ਫਿਰ ਉਸ ਦੇ ਪੈਰਾਂ ਨੂੰ ਟਿਕਾਉਣ ਲਈ ਕੋਈ ਥਾਂ ਬਣਾਈ ਜਾਂਦੀ ਸੀ, ਤਾਂ ਜੋ ਕਿੱਲਾਂ ਉਸ ਦਿਆਂ ਪੈਰਾਂ ਦੇ ਉੱਤੋਂ ਦੀ ਮਾਰੀਆਂ ਜਾਣ? ਅਜਿਹੇ ਅਤੇ ਇਹੋ ਜਿਹੇ ਹੋਰ ਕਈ ਪ੍ਰਸ਼ਨ ਪੁੱਛੇ ਜਾ ਚੁੱਕੇ ਹਨ। ਇੱਕ ਪੱਧਰ 'ਤੇ ਯਿਸੂ ਨਾਸਰੀ ਦੀ ਸਲੀਬੀ ਮੌਤ ਦੀ ਘਟਨਾ ਬਾਰੇ ਇਹੋ ਜਿਹੇ ਸਵਾਲ ਪੁੱਛੇ ਜਾਂਦੇ ਹਨ।

ਪਤਰਸ ਦੀ ਚਿੰਤਾ ਦਾ ਪੱਧਰ ਕੁਝ ਹੋਰ ਸੀ। ਇਹ ਘਟਨਾ ਤਾਂ ਵਾਪਰੀ ਸੀ, ਪਰ ਰਸੂਲ ਆਪਣਾ ਧਿਆਨ ਉੱਥੇ ਹੀ ਟਿਕਾਈ ਨਹੀਂ ਰੱਖਦਾ। ਹਾਂ, ਇਹ ਘਟਨਾ ਵਾਪਰੀ ਸੀ। ਹਾਂ, ਇਹ ਇੱਕ ਭਿਆਣਕ ਘਟਨਾ ਸੀ। ਹਾਂ, ਸਭ ਤੋਂ ਭੈੜੇ ਅਪਰਾਧੀਆਂ ਨੂੰ ਹੀ ਸਲੀਬੀ ਮੌਤ ਦਿੱਤੀ ਜਾਂਦੀ ਸੀ। ਪਰ ਪਤਰਸ ਦਾ ਧਿਆਨ, ਘਟਨਾ ਦੀ ਬਜਾਏ ਘਟਨਾ ਦੇ ਮਹੱਤਵ 'ਤੇ ਸੀ। ਇਹ ਘਟਨਾ ਇਸ ਕਰਕੇ ਮਹੱਤਵਪੂਰਨ ਸੀ ਕਿਉਂਕਿ ਪਰਮੇਸ਼ੁਰ ਦੇ ਪੁੱਤਰ ਨੂੰ ਸਲੀਬੀ ਮੌਤ ਦਿੱਤੀ ਜਾ ਰਹੀ ਸੀ। ਇਹ ਮਹੱਤਵਪੂਰਨ ਇਸ ਕਰਕੇ ਸੀ ਕਿਉਂਕਿ ਯਿਸੂ ਨੇ ਪਾਪ ਤੋਂ ਰਹਿਤ ਜੀਵਨ ਬਿਤਾਇਆ ਸੀ। ਇਹ ਮਹੱਤਵਪੂਰਨ ਇਸ ਕਰਕੇ ਸੀ ਕਿਉਂਕਿ ਉਸ ਨੇ ਆਪਣਾ ਪਾਪ ਰਹਿਤ ਜੀਵਨ ਪਾਪੀ ਮਨੁੱਖਜਾਤੀ ਲਈ ਕੁਰਬਾਨ ਕਰ ਦਿੱਤਾ ਸੀ।[25]

### ਬਦਲੇ ਵਿਚ ਪ੍ਰਾਸਚਿੱਤ (3:18)

ਕਿਸੇ ਦੇ ਬਦਲੇ ਵਿਚ ਕੁਝ ਕਰਨ ਦਾ ਅਰਥ ਹੈ ਉਸ ਦੇ ਤਜਰਬਿਆਂ ਵਿੱਚੋਂ ਦੀ ਹੋ ਕੇ ਲੰਘਣਾ। ਜੇਕਰ ਸਾਡਾ ਕੋਈ ਮਿੱਤਰ ਗਰਮੀ ਦੀਆਂ ਛੁੱਟੀਆਂ ਵਿਚ ਪੇਰਿਸ ਜਾ ਕੇ ਆਇਆ ਹੈ

ਅਤੇ ਆ ਕੇ ਸਾਨੂੰ ਤਸਵੀਰਾਂ ਦਿਖਾਏ ਅਤੇ ਜੋ ਕੁਝ ਉਸ ਨੇ ਕੀਤਾ ਹੈ ਉਸ ਨੂੰ ਸਾਨੂੰ ਸਮਝਾਏ, ਤਾਂ ਅਸੀਂ ਉਸ ਦੇ ਬਦਲੇ ਵਿਚ ਅਰਥਾਤ ਉਸ ਦੀ ਥਾਂ ’ਤੇ ਪੇਰਿਸ ਦਾ ਤਜਰਬਾ ਕਰ ਲਵਾਂਗੇ। ਸਭ ਤੋਂ ਮੁੱਢਲੀਆਂ ਮਸੀਹੀ ਡਾਕਟ੍ਰਿਨਾਂ ਵਿੱਚੋਂ ਇੱਕ ਇਹ ਹੈ ਕਿ ਮਸੀਹ ਨੇ ਸਲੀਬ ਉੱਤੇ ਉਨ੍ਹਾਂ ਪਾਪਾਂ ਦੇ ਲਈ ਦੁੱਖ ਝੱਲੇ ਜੋ ਉਸ ਨੇ ਨਹੀਂ ਕੀਤੇ ਸਨ। ਯੂਹੰਨਾ ਨੇ ਯਿਸੂ ਬਾਰੇ ਆਖਿਆ, “ਤੁਸੀਂ ਜਾਣਦੇ ਹੋ ਜੋ ਉਹ ਇਸ ਲਈ ਪਰਗਟ ਹੋਇਆ ਭਈ ਪਾਪਾਂ ਨੂੰ ਚੁੱਕ ਲੈ ਜਾਵੇ, ਅਤੇ ਉਹ ਦੇ ਵਿਚ ਪਾਪ ਨਹੀਂ ਹੈ” (1 ਯੂਹੰਨਾ 3:5)। ਯਿਸੂ ਦੇ ਨਿਸ਼ਪਾਪ ਹੋਣ ਸਦਕਾ ਹੀ ਉਹ ਸਾਡੇ ਪਾਪਾਂ ਦੀ ਖਾਤਿਰ ਸਾਡੇ ਬਦਲੇ ਵਿਚ ਦੁੱਖ ਝੱਲ ਸਕਿਆ। ਇਸ ਤਰ੍ਹਾਂ ਪਾਪ ਦਾ ਜੁਰਮਾਨਾ ਅਦਾ ਕਰ ਦਿੱਤਾ ਗਿਆ ਹੈ। ਅਸੀਂ ਧਰਮੀ ਠਹਿਰਾਏ ਜਾ ਚੁੱਕੇ ਹਾਂ। ਅਸੀਂ ਨਿਰਦੋਸ਼ ਘੋਸ਼ਿਤ ਕੀਤੇ ਜਾ ਚੁੱਕੇ ਹਾਂ, ਸਾਡਾ ਪੁਨਰਮੇਲ ਹੋ ਚੁੱਕਾ ਹੈ, ਅਸੀਂ ਛੁਡਾਏ ਜਾ ਚੁੱਕੇ ਹਾਂ ਅਤੇ ਬਚਾਏ ਜਾ ਚੁੱਕੇ ਹਾਂ। ਸਲੀਬ ਉੱਤੇ ਪਾਪ ਦੇ ਪ੍ਰਤੀ ਪਰਮੇਸ਼ੁਰ ਦਾ ਕ੍ਰੋਧ, ਇਨਸਾਫ਼ ਲਈ ਉਸ ਦੀ ਮੰਗ ਪੂਰੇ ਹੋ ਚੁੱਕੇ ਹਨ। ਯਿਸੂ ਸਾਡਿਆਂ ਪਾਪਾਂ ਦਾ ਪ੍ਰਾਸਚਿੱਤ ਬਣ ਗਿਆ ਹੈ (1 ਯੂਹੰਨਾ 2:2), ਅਰਥਾਤ, ਉਸ ਨੇ ਸਾਨੂੰ ਪਰਮੇਸ਼ੁਰ ਦੀ ਹਜ਼ੂਰੀ ਵਿਚ ਪਰਵਾਨਯੋਗ ਬਣਾ ਦਿੱਤਾ ਹੈ। ਸਲੀਬ ਉੱਤੇ ਪ੍ਰਾਸਚਿੱਤ ਪੂਰਾ ਕੀਤਾ ਜਾ ਚੁੱਕਾ ਹੈ। ਹਾਲਾਂਕਿ ਅਸੀਂ ਪਾਪੀ ਸਾਂ, ਪਰ ਹੁਣ ਸਾਨੂੰ ਖਿਮਾ ਬਖਸ਼ ਕੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਲਿਜਾਇਆ ਜਾ ਚੁੱਕਾ ਹੈ। ਅਸੀਂ ਹੁਣ ਯਿਸੂ ਦਾ ਦਿੱਤਾ ਹੋਇਆ ਜੀਵਨ ਜੀ ਰਹੇ ਹਾਂ ਅਤੇ ਸਾਡੀ ਆਸ ਇਹ ਹੈ ਕਿ ਪ੍ਰਭੂ ਆਪਣੇ ਪਰਤਾਪ ਵਿਚ ਵਾਪਸ ਆਵੇਗਾ। ਤਦ ਪਰਮੇਸ਼ੁਰ ਦੇ ਲੋਕ ਉਸ ਦੀਆਂ ਬਰਕਤਾਂ ਦੀ ਭਰਪੂਰੀ ਵਿਚ ਸਾਂਝੀ ਹੋ ਸਕਣਗੇ।

---

ਟਿੱਪਣੀਆਂ

[1]ਓਰੀਗੇਨ *ਕੋਨਟ੍ਰਾ ਸੇਲਸਮ* 3.55. [2]ਜਿਸ ਸ਼ਬਦ ਦਾ ਅਨੁਵਾਦ “ਸਿੰਗਾਰ” ਕੀਤਾ ਗਿਆ ਹੈ ਉਹ κόσμος (*ਕੋਸਮੋਸ*) ਹੈ, ਜਿਸ ਦੀ ਵਰਤੋਂ ਨਵੇਂ ਨੇਮ ਵਿਚ ਅਕਸਰ ਨਕਾਰਾਤਮਕ ਅਰਥ ਨਾਲ ਕੀਤੀ ਜਾਂਦੀ ਹੈ, ਜਿਵੇਂ ਕਿ “ਦੁਨਿਆਵੀ” ਜਾਂ ਇਹੋ ਜਿਹਾ ਕੁਝ ਹੋਰ। ਪਰ ਇਸ ਆਇਤ ਵਿਚ ਅਜਿਹਾ ਕੁਝ ਨਹੀਂ ਹੈ। ਯੂਨਾਨੀ ਲੋਕ ਆਪਣੀ ਕਾਇਨਾਤ ਨੂੰ ਸੁੰਦਰ ਅਤੇ ਸੰਤੁਲਿਤ ਮੰਨਦੇ ਸਨ। ਇਸ ਤਰ੍ਹਾਂ ਇਸ ਸ਼ਬਦ ਦਾ ਭਾਵ ਉਸ ਹਰੇਕ ਵਸਤੂ ਲਈ ਹੁੰਦਾ ਹੈ ਜਿਹੜੀ ਸੁੰਦਰ ਅਤੇ ਚੰਗੀ ਤਰ੍ਹਾਂ ਸਿੰਗਾਰੀ ਗਈ ਹੈ। [3]ਜੇ. ਰਾਮਸੇ ਮਾਈਕਲਸ, *1 ਪੀਟਰ*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 49 (ਵੇਕੋ, ਟੈਕਸਸ: ਵਰਡ ਬੁਕਸ, 1988), 159; ਪਲੁਟਾਰਕ *ਮੋਰਾਲੀਆ* 141ਈ. [4]ਜੋਸੇਫਸ *ਐਂਟੀਕੁਟੀਸ* 4.8.15. [5]ਜੋਸੇਫਸ *ਅਗੇਂਸਟ ਏਪੀਅਨ* 2.25. [6]NASB ਨੇ ਯੂਨਾਨੀ ਵਾਕ ਦੇ ਅਰਥ ਨੂੰ ਚੰਗੀ ਤਰ੍ਹਾਂ ਫੜਿਆ ਹੈ। ਵਧੇਰੇ ਸ਼ਾਬਦਿਕ ਤੌਰ ’ਤੇ ਇਸ ਸ਼ਬਦ ਦਾ ਅਰਥ ਹੈ, “ਨਿਰਬਲ, ਕੋਮਲ ਸਰੀਰ।” ਜਿਸ ਸ਼ਬਦ ਦਾ ਅਨੁਵਾਦ “ਕੋਮਲ” (γυναικεῖος, *ਗੁਨਾਇਕੇਓਸ*) ਕੀਤਾ ਗਿਆ ਹੈ, ਉਹ ਨਵੇਂ ਨੇਮ ਵਿਚ ਕੇਵਲ ਇੱਥੇ ਹੀ ਇਸਤੇਮਾਲ ਹੋਇਆ ਹੈ। “ਸਰੀਰ” (σκεῦος, *ਸਕੇਓਸ*) ਸ਼ਬਦ ਦਾ ਇਸਤੇਮਾਲ ਵੱਖ-ਵੱਖ ਤਰ੍ਹਾਂ ਨਾਲ ਕੀਤਾ ਗਿਆ ਹੈ। ਇਹ ਕਿਸੇ ਤਰ੍ਹਾਂ ਦੇ ਪਾਤਰ ਵੱਲ ਇਸ਼ਾਰਾ ਕਰਦਾ ਹੈ, ਕਦੇ-ਕਦੇ ਕਿਸੇ ਭਾਂਡੇ ਵੱਲ। ਇੱਥੇ ਜਿਵੇਂ ਇਸ ਦੀ ਵਰਤੋਂ ਹੋਈ ਹੈ, ਇਹ ਇਸਤਰੀ ਦੇ ਸਰੀਰ ਵੱਲ ਇਸ਼ਾਰਾ ਕਰਦਾ ਹੈ, ਜਿਵੇਂ ਕਿ 1 ਥੱਸਲੁਨੀਕੀਆਂ 4:4 ਵਿਚ। [7]ਇਗਨੇਸ਼ਿਅਸ *ਫਿਲੇਡੇਲਫਿਅੰਸ* 1. [8]ਆਪਣੇ *ਲੈਟਰਜ਼* ਵਿਚ ਪਲਾਈਨੀ ਦ ਯੰਗਰ (ਅਰੰਭਕ ਦੂਜੀ ਸਦੀ ਈਸਵੀ) ਨੇ ਅਜਿਹੀਆਂ ਟਿੱਪਣੀਆਂ ਕੀਤੀਆਂ ਜਿਹੜੀਆਂ ਉਸ ਧਮਾਕੇਦਾਰ ਜੋਸ਼ ਨੂੰ ਦਰਸਾਉਂਦੀਆਂ ਹਨ, ਜਿਸ ਵਿਚ ਰੁਤਬੇਦਾਰ ਰੋਮੀ ਪੁਰਸ਼ ਆਪਣੀ ਵਡਿਆਈ ਭਾਲਦੇ ਸਨ। ਆਪਣੇ ਇੱਕ ਮਿੱਤਰ ਮੈਕਸੀਮਸ ਨੂੰ ਲਿਖੇ ਇੱਕ ਪੱਤਰ ਵਿਚ ਉਹ ਆਪਣੇ ਦੋ ਦਾਸਾਂ ਬਾਰੇ ਲਿਖਦਾ ਹੈ, ਜਿਨ੍ਹਾਂ ਨੂੰ ਤਿੰਨ-ਤਿੰਨ ਦੀਨਾਰ ਦੀ ਦਿਹਾੜੀ (ਇੱਕ ਚੰਗੀ ਦਿਹਾੜੀ) ’ਤੇ ਲਿਆ ਗਿਆ ਸੀ, ਤਾਂ ਜੋ ਉਹ ਇੱਕ ਭਾਸ਼ਣਕਾਰ ਦੇ ਸਰੋਤਿਆਂ ਵਿਚ ਬੈਠਣ ਅਤੇ ਉਸ ਦੀ ਵਾਹਵਾਹੀ ਕਰਨ। ਉਸ ਨੇ ਲਿਖਿਆ ਕਿ ਦਾਸਾਂ ਨੂੰ ਇਸ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਕਿ ਉਹ ਭਾਸ਼ਣ ਵਿਚ ਕੀ ਬੋਲ ਰਿਹਾ ਹੈ ਅਤੇ “ਜੇਕਰ ਉਹ ਸਹੀ ਸਮੇਂ ’ਤੇ, ਬਿਨਾਂ ਕਿਸੇ ਇਸ਼ਾਰੇ ਦੀ ਉਡੀਕੇ ਕੀਤੇ, ਵਾਹਵਾਹੀ ਨਾ ਕਰਦੇ ਤਾਂ ਉਨ੍ਹਾਂ ਦੀ ਦਿਹਾੜੀ

ਕੱਟੀ ਜਾਣੀ ਸੀ।" (ਪਲਾਈਨੀ ਦ ਯੰਗਰ *ਲੈਟਰਸ* 2.14.) [9]ਅਰਨੇਸਟ ਬੈਸਟ, *1 ਪੀਟਰ,* ਦ ਨਿਊ ਸੈਂਚੁਰੀ ਬਾਈਬਲ ਕਮੈਂਟ੍ਰੀ, (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1971), 130; *ਦ ਕਮਿਊਨਿਟੀ ਰੂਲ* (1 ਕਿਊ ਐੱਸ) 1.4. [10]ਕੈਰਲ ਸਟਲਮੁਲਰ, ਡਾਇਨ ਬਰਗੇਂਟ, ਅਤੇ ਹੋਰ, ਸੰਪਾਦਕ. *ਦ ਕਾਲੇਜਵਿਲ ਪਾਸਟਰਲ ਡਿਕਸ਼ਨਰੀ ਆਫ ਬਿਬਲੀਕਲ ਥਿਓਲੋਜੀ* (ਕਾਲੇਜਵਿਲ, ਮਿਨਿਸੋਟਾ: ਲਿਟਰਜੀਕਲ ਪ੍ਰੈਸ, 1996), 714.

[11]ਜੇ. ਐੱਨ. ਡੀ. ਕੇਲੀ, *ਏ ਕਮੈਂਟ੍ਰੀ ਆਨ ਦਿ ਅਪਿਸਟਲਸ ਆਫ ਪੀਟਰ ਐਂਡ ਜੂਡ,* ਬਲੈਕਸ ਨਿਊ ਟੈਸਟਾਮੈਂਟ ਕਮੈਂਟ੍ਰੀਜ਼ (ਲੰਡਨ: ਐਡਮ ਐਂਡ ਚਾਰਲਸ ਬਲੈਕ, 1969), 141. [12]"ਅੰਤਹਕਰਨ" ਦੇ ਭਾਵ ਨਾਲ ਇਸਤੇਮਾਲ ਕੀਤੇ ਗਏ ਸ਼ਬਦ ਦੇ ਲਈ 2:19 ਦੀਆਂ ਟਿੱਪਣੀਆਂ ਵੇਖੋ। *ਥਿਓਲੋਜਿਕਲ ਡਿਕਸ਼ਨਰੀ ਆਫ ਦ ਨਿਊ ਟੈਸਟਾਮੈਂਟ,* ਸੋਧ. ਗੇਰਹਾਰਡ ਕਿਟਲ, ਅਨੁਵਾਦ ਅਤੇ ਸੰਪਾਦਨ ਜੈਫ੍ਰੀ ਡਬਲਿਯੂ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1971), 7:898–919 ਵਿਚ ਕ੍ਰਿਸ਼ਚਨ ਮੌਰਰ, "σύνοιδα, συνείδησις," ਵੇਖੋ। [13]3:16 ਵਿਚ "ਭਈ" ਵਜੋਂ ਅਨੁਵਾਦ ਕੀਤਾ ਗਿਆ ਸ਼ਬਦ ἵνα (*ਹਿਨਾ*) ਨਤੀਜਿਆਂ ਨੂੰ ਦਰਸਾਉਂਦਾ ਹੈ। ਵੇਖੋ ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਤੀਜਾ ਸੰਸਕਰਨ, ਸੋਧਿਆ ਅਤੇ ਸੰਪਾਦਨ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 477. [14]ਬੈਸਟ, 134. [15]ਇਸ ਵਿਆਖਿਆ ਲਈ ਢੁਕਵਾਂ ਤਰਕ ਮਾਈਕਲਸ, 191–92 ਵੱਲੋਂ ਦਿੱਤਾ ਗਿਆ ਹੈ। [16]ਸਾਈਰਾਕ 41:12 (REB)। [17]ਰੋਮਨ ਕੈਥੋਲਿਕ ਥਿਓਲੋਜੀ ਇਹ ਹੈ ਕਿ ਸਵਰਗ ਵਿਚ ਮਸੀਹ ਦਾ ਬਲੀਦਾਨ ਨਿਰੰਤਰ ਜਾਰੀ ਰਹਿੰਦਾ ਹੈ, ਭਾਵ ਜਦ ਯੂਥਰਿਸਤ ਮਨਾਇਆ ਜਾਂਦਾ ਹੈ ਤਾਂ ਯਿਸੂ ਸੱਚਮੁੱਚ ਕਸ਼ਟ ਭੋਗਦਾ ਹੈ। ਪਤਰਸ ਦੁਆਰਾ ਆਖੇ ਗਏ ਕਥਨ ਅਤੇ ਇਬਰਾਨੀਆਂ ਦੀ ਪੁਸਤਕ ਦੇ ਕੁਝ ਕਥਨ ਇਸ ਡਾਕਟ੍ਰਿਨ ਦਾ ਅਧਾਰ ਹਨ। *ਦ ਔਕਸਫੋਰਡ ਡਿਕਸ਼ਨਰੀ ਆਫ ਦ ਕ੍ਰਿਸਚਨ ਚਰਚ,* ਦੂਜਾ ਸੰਸਕਰਨ, ਸੰਪਾਦਨ ਐੱਫ. ਐੱਲ. ਕ੍ਰੌਸ ਅਤੇ ਈ. ਏ. ਲਿਵਿੰਗਸਟੋਨ (ਔਕਸਫੋਰਡ: ਔਕਸਫੋਰਡ ਯੂਨਿਵਰਸਿਟੀ ਪ੍ਰੈਸ, 1974), 475–77 ਵਿਚ "ਯੁਖਾਰਿਸਟ" ਵੇਖੋ। [18]ਯਿਸੂ ਦੇ ਪਤਾਲ ਲੋਕ ਵਿਚ ਉੱਤਰਨ ਬਾਰੇ ਮੈਕਾਲੈਕ ਨੇ ਲਿਖਿਆ, "ਘੱਟੋ-ਘੱਟ ਦੂਜੀ ਸਦੀ ਤਕ ਪਤਾਲ ਵਿਚ ਉੱਤਰਨ, ਮੌਤ ਅਤੇ ਪਤਾਲ ਉੱਤੇ ਜੇਤੂ ਹੋਣ, ਮਰ ਚੁੱਕੇ ਲੋਕਾਂ ਨੂੰ ਪ੍ਰਚਾਰ ਕਰਨ ਅਤੇ ਆਤਮਿਆਂ ਨੂੰ ਅਜ਼ਾਦ ਕਰ ਲੈ ਜਾਣ ਅਤੇ ਇਨ੍ਹਾਂ ਵਰਗੀਆਂ ਧਾਰਣਾਵਾਂ ਸਣੇ ਹੋਰ ਪ੍ਰਸਿੱਧ ਸਿੱਖਿਆ ਨਹੀਂ ਸੀ" (ਜੇ. ਏ. ਮੈਕਾਲੈਕ, *ਦ ਹੈਰੋਇੰਗ ਆਫ ਹੈੱਲ: ਏ ਕੰਪੇਰੇਟਿਵ ਸਟਡੀ ਆਫ ਐਨ ਅਰਲੀ ਕ੍ਰਿਸਚਨ ਡਾਕਟ੍ਰਿਨ* [ਐਡਨਬ੍ਰਾ: ਟੀ ਐਂਡ ਟੀ ਕਲਾਰਕ, 1930], 45). [19]ἐν ᾧ (*ਏਨ ਹੋਏ*) ਸ਼ਬਦਾਂ ਨੂੰ ਹੋਰ ਤਰੀਕਿਆਂ ਨਾਲ ਵੀ ਸਮਝਿਆ ਗਿਆ ਹੈ। ਜਿਹੜੇ ਵਿਕਲਪਾਂ ਨੂੰ ਉੱਤੇ ਲਿਖਿਆ ਗਿਆ ਹੈ, ਉਨ੍ਹਾਂ ਦਾ ਸਮਰਥਨ ਸਭ ਤੋਂ ਤਕੜਾ ਹੈ। ਵਿਆਕਰਣ ਸੰਬੰਧੀ ਮਸਲਿਆਂ ਬਾਰੇ ਗੱਲ ਕਰਨ ਲਈ ਇਹ ਥਾਂ ਢੁਕਵੀਂ ਨਹੀਂ ਹੈ। ਜਿਹੜੇ ਲੋਕ ਇਸ ਵਿਚ ਦਿਲਚਸਪੀ ਲੈਂਦੇ ਹਨ, ਉਹ ਮਾਈਕਲਸ, 205 ਨੂੰ ਵੇਖ ਸਕਦੇ ਹਨ। [20]ਡੀ. ਏ. ਕਾਰਸਨ, "ਡਾ. ਰੂਬਲ ਸ਼ੈਲੀ ਦੀ ਪੁਸਤਕ *ਆਈ ਜਸਟ ਵਾਂਟ ਟੂ ਬੀ ਏ ਕ੍ਰਿਸਚਨ* ਦੀ ਸਮੀਖਿਆ।" ਇਹ ਪੇਪਰ ਇਸ ਵੈਬਸਾਈਟ 'ਤੇ ਉਪਲਬਧ ਹੈ: www.mun.ca/rels/restmov/texts/rmeyes/carson.html. ਕਾਰਸਨ ਨੇ ਲਿਖਿਆ, "ਉਸੇ ਵੇਲੇ ਹੀ ਇਸ ਨੇ [ਮੁੜ ਬਹਾਲੀ ਦੀ ਅਮਰੀਕਾ ਵਿਚਲੀ ਲਹਿਰ] ਨੇ ਬਪਤਿਸਮਾ ਬਾਰੇ ਇੱਕ ਦ੍ਰਿਸ਼ਟੀਕੋਣ ਵਿਕਸਿਤ ਕਰ ਲਿਆ, ਜਿਸ ਨੂੰ ਮੁੜ ਬਹਾਲੀ ਦੀ ਅਮਰੀਕਾ ਵਿਚਲੀ ਲਹਿਰ ਦੇ ਨਾਲ ਜੁੜੀਆਂ ਮੰਡਲੀਆਂ ਤੋਂ ਇਲਾਵਾ ਹੋਰ ਕਿਸੇ ਨੇ ਸਵੀਕਾਰ ਨਹੀਂ ਕੀਤਾ।" ਸ਼ਾਇਦ ਕਾਰਸਨ ਜਿਸ ਦ੍ਰਿਸ਼ਟੀਕੋਣ ਦੀ ਗੱਲ ਕਰ ਰਿਹਾ ਹੈ ਜਿਸ ਨੂੰ ਅਮੇਰਿਕਨ ਰੈਸਟੋਰੇਸ਼ਨ ਮੂਵਮੈਂਟ ਨੇ ਵਿਕਸਿਤ ਕੀਤਾ ਸੀ, ਉਹ ਇਹ ਸੀ ਕਿ ਜਦ ਕੋਈ ਵਿਅਕਤੀ ਬਪਤਿਸਮਾ ਲੈਂਦਾ ਹੈ ਤਾਂ ਪਰਮੇਸ਼ੁਰ ਕੰਮ ਕਰਦਾ ਹੈ ਅਤੇ ਉਸ ਆਗਿਆਕਾਰੀ ਵਿਸ਼ਵਾਸੀ ਦੇ ਪਾਪ ਦੂਰ ਕਰ ਦਿੰਦਾ ਹੈ। ਅਸਲ ਵਿਚ, ਇਸ ਦ੍ਰਿਸ਼ਟੀਕੋਣ ਨੂੰ ਕਲੀਸੀਆ ਦੇ ਪੁਰਾਤਨ ਅਤੇ ਨਵੀਨ ਇਤਹਾਸ ਵਿਚਲੇ ਦਸਤਾਵੇਜ਼ਾਂ ਵਿਚ ਅਤੇ ਭਿੰਨ-ਭਿੰਨ ਮਸੀਹੀ ਰਸਮਾਂ ਵਿਚ ਵੇਖਿਆ ਜਾ ਸਕਦਾ ਹੈ।

[21]ਐਵਰੇਟ ਫਰਗੁਸਨ ਨੇ ਦੂਜੀ ਸਦੀ ਦੀਆਂ ਮੂਲ ਲਿਖਤਾਂ ਨੂੰ ਇਕੱਤਰ ਕੀਤਾ, ਜੋ ਦਰਸਾਉਂਦੀਆਂ ਹਨ ਕਿ ਉਸ ਸਮੇਂ ਦੀ ਕਲੀਸੀਆ ਦਾ ਇੱਕ ਵੱਡਾ ਹਿੱਸਾ ਬਪਤਿਸਮਾ ਨੂੰ ਪਾਪਾਂ ਦੀ ਮਾਫੀ ਮੰਨਦਾ ਸੀ। ਇਹ ਡਾਕਟ੍ਰਿਨ ਨਵੇਂ ਨੇਮ ਦੇ ਸਮੇਂ ਤੋਂ ਕਾਫੀ ਪਹਿਲਾਂ ਪ੍ਰਚਲਿਤ ਸੀ। ਉਸ ਨੇ ਲਿਖਿਆ, "ਦੂਜੀ ਸਦੀ ਵਿਚ ਬਪਤਿਸਮਾ ਬਾਰੇ ਆਖੇ ਗਏ ਕਥਨਾਂ ਦੀ ਸਰਬ-ਸਹਿਮਤੀ ਅਤੇ ਪ੍ਰਬਲਤਾ ਇਹ ਦਰਸਾਉਂਦੀ ਹੈ ਕਿ ਬਪਤਿਸਮਾ ਅਤੇ ਪਾਪਾਂ ਦੀ ਮਾਫੀ ਵਿਚਕਾਰਲੇ ਸਿੱਧੇ ਸੰਬੰਧ ਦੀ ਸੰਭਾਵਨਾ ਕਲੀਸੀਆ ਦੇ ਅਰੰਭਕ ਦਿਨਾਂ ਤੋਂ ਪ੍ਰਚਲਿਤ ਸੀ" (ਐਵਰੇਟ ਫਰਗੁਸਨ, *ਅਰਲੀ ਕ੍ਰਿਸਚਨਸ ਸਪੀਕ* [ਔਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰਪਨੀ, 1971], 38). [22]*ਦਿ ਇੰਟਰਪ੍ਰੇਟਰਸ ਬਾਈਬਲ,*

*ਸੰਪਾਦਨ ਜੌਰਜ ਏ. ਬਟਰਿਕ* (ਨਿਊ ਯੌਰਕ: ਐਬਿੰਗਟਨ ਪ੍ਰੈਸ, 1955), 11:453 ਵਿੱਚ ਫ੍ਰੈਡ ਜੀਲੀ, "ਦ ਫਰਸਟ ਐਂਡ ਸੈਕੰਡ ਅਪਿਸਟਲਸ ਟੂ ਤਿਮੋਥੀ ਐਂਡ ਦ ਅਪਿਸਟਲ ਟੂ ਟਾਈਟਸ, ਇੰਟ੍ਰੋਡਕਸ਼ਨ ਐਂਡ ਐਕਸੇਜੇਸਿਸ।" [23]ਐਡਵਰਡ ਗੋਰਡਨ ਸੇਲਵਿਨ, *ਦ ਫਰਸਟ ਅਪਿਸਟਲ ਆਫ ਸੇਂਟ ਪੀਟਰ: ਦ ਗ੍ਰੀਕ ਟੈਕਸਟ, ਵਿਦ ਇੰਟ੍ਰੋਡਕਸ਼ਨ, ਨੋਟਸ, ਐਂਡ ਐੱਸੇਸ,* ਥੌਰਨਐਪਲ ਕਮੈਂਟ੍ਰੀਜ਼, ਦੂਜਾ ਸੰਸਕਰਨ (ਲੰਡਨ: ਮੈਕਮਿਲਨ ਐਂਡ ਕੰਪਨੀ, 1947; ਦੁਬਾਰਾ ਪ੍ਰਕਾਸ਼ਨ ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1981), 83. [24]"ਹਵਾਲਾ ਦਿੱਤੇ ਜਾਣ" ਬਾਰੇ ਕਿਸੇ ਦਾ ਕੀ ਭਾਵ ਹੈ, ਉਸ ਵਿਚ ਇੱਕ ਸਮੱਸਿਆ ਹੈ। ਯੂਨਾਈਟੇਡ ਬਾਈਬਲ ਸੋਸਾਇਟੀ ਵੱਲੋਂ ਪ੍ਰਕਾਸ਼ਿਤ ਨਵੇਂ ਨੇਮ ਦੀਆਂ ਯੂਨਾਨੀ ਮੂਲ ਲਿਖਤਾਂ ਦੇ ਪੁਰਾਣੇ ਸੰਸਕਰਨਾਂ ਦੀ ਸੰਦਰਭ ਸੂਚੀ ਵਿਚ "ਇੰਡੈਕਸ ਆਫ ਕੋਟੇਸ਼ਨ" ਹੁੰਦਾ ਸੀ। ਜੇਕਰ ਅਸੀਂ ਹਵਾਲਿਆਂ ਦੀ ਗੱਲ ਕਰੀਏ ਤਾਂ ਜ਼ਬੂਰਾਂ ਦੀ ਪੋਥੀ ਵਿੱਚੋਂ ਸਭ ਤੋਂ ਵਧ ਹਵਾਲੇ ਲਏ ਗਏ ਹਨ। ਯੂ ਬੀ ਐੱਸ ਦੀਆਂ ਲਿਖਤਾਂ ਦੇ ਹਾਲ ਹੀ ਵਿਚ ਆਏ ਸੰਸਕਰਨ ਵਿਚ "ਇੰਡੈਕਸ ਆਫ ਕੋਟੇਸ਼ਨ" ਦੀ ਥਾਂ 'ਤੇ "ਇੰਡੈਕਸ ਆਫ ਐਲੁਸ਼ਨਸ ਐਂਡ ਵਰਬਲ ਪੈਰਾਲਲਸ" ਨੂੰ ਛਾਪਿਆ ਗਿਆ ਹੈ। ਜੇਕਰ ਵੱਡੇ ਪੱਧਰ 'ਤੇ ਗੱਲ ਕਰੀਏ ਤਾਂ ਪੁਰਾਣੇ ਨੇਮ ਦੀਆਂ ਅਜਿਹੀਆਂ ਕਈ ਲਿਖਤਾਂ ਹਨ ਜਿਨ੍ਹਾਂ ਦੇ ਹਵਾਲੇ ਜ਼ਬੂਰਾਂ ਤੋਂ ਕਿਤੇ ਵੱਡੇ ਪੱਧਰ 'ਤੇ ਦਿੱਤੇ ਗਏ ਹਨ। [25]ਇਸ ਵਿਭਾਗ ਦਾ ਵਿਚਾਰ ਏਲਿਸਟਰ ਈ. ਮੈੱਕਗ੍ਰਾ, *ਅੰਡਰਸਟੈਂਡਿੰਗ ਜੀਜ਼ਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਊਸ, 1987), 22–27 ਤੋਂ ਲਿਆ ਗਿਆ।